## ਅਧਿਆਇ 28

# ਜਾਜਕਾਂ ਦੇ ਬਸਤ੍ਰਾਂ ਸੰਬੰਧੀ ਹਿਦਾਇਤਾਂ

ਇਸਰਾਏਲੀਆਂ ਨੂੰ ਡੇਹਰੇ ਦੇ ਸਮਾਨ, ਤੰਬੂ, ਅਤੇ ਵਿਹੜੇ ਦੀ ਬਣਤ (25:8-27:21) ਦੀਆਂ ਹਿਦਾਇਤਾਂ ਦੇਣ ਤੋਂ ਬਾਅਦ, ਪ੍ਰਭੂ ਨੇ ਉਨ੍ਹਾਂ ਸਾਰੇ ਜਾਜਕਾਂ ਦੇ ਵਿਸ਼ੇ ਵਿਚ ਨਿਰਦੇਸ਼ ਦਿੱਤੇ ਜੋ ਡੇਹਰੇ ਦੇ ਵਿਚ ਕੰਮ ਕਰਣਗੇ (28:1-29:46)। ਡੇਹਰੇ ਦੇ ਨਾਲ ਜਾਜਕਾਂ ਦੇ ਗੂੜ੍ਹ ਸੰਬੰਧ ਨੂੰ ਉਨ੍ਹਾਂ ਦੀ ਸੇਵਾ ਦੇ ਸੰਬੰਧ ਵਿਚ ਦਿਸ਼ਾ-ਨਿਰਦੇਸ਼ਾਂ ਨੂੰ ਸ਼ਾਮਲ ਕਰਨ ਦੇ ਨਾਲ ਦਰਸਾਇਆ ਗਿਆ ਹੈ ਜੋ ਲੰਬੇ ਸਮੇਂ ਤੋਂ ਆ ਰਹੇ ਹਨ ਅਤੇ ਇਮਾਰਤ ਦੀ ਬਣਤਰ ਦੇ ਪ੍ਰਤਿ ਸਮਰਪਿਤ ਸਨ। (ਅਧਿਆਇ 25-31)। ਅਧਿਆਇ 28 ਦੱਸਦਾ ਹੈ ਦੱਸਦਾ ਹੈ ਕਿ ਜਾਜਕਾਂ ਦੇ ਬਸਤਰ ਕਿਵੇਂ ਬਣਾਏ ਜਾਣੇ ਸਨ, ਅਤੇ ਅਧਿਆਇ 29 ਵਿਚ ਦੱਸਿਆ ਗਿਆ ਹੈ ਕਿ ਜਾਜਕਾਂ ਨੂੰ ਉਸ ਸੇਵਾ ਦੇ ਲਈ ਕਿਵੇਂ ਪਵਿੱਤਰ ਕੀਤਾ ਜਾਣਾ ਸੀ ਜਿਸ ਦੇ ਲਈ ਉਨ੍ਹਾਂ ਨੂੰ ਬੁਲਾਇਆ ਗਿਆ ਸੀ।

ਅਧਿਆਇ 28 ਵਿਚ, ਪ੍ਰਭੂ ਵਿਸ਼ੇਸ਼ ਤੌਰ ਤੇ ਉਲੇਖ ਕਰਦਾ ਹੈ ਕਿ ਕੌਣ ਜਾਜਕਾਂ ਦੇ ਰੂਪ ਵਿਚ ਸੇਵਾ ਕਰੇਗਾ, ਹਾਰੂਨ ਅਤੇ ਉਸ ਦੇ ਪੁੱਤਰ, ਅਤੇ ਫਿਰ ਹੁਕਮ ਦਿੱਤਾ ਕਿ ਸੇਵਾ ਕਰਦੇ ਸਮੇਂ ਪਹਿਨਣ ਦੇ ਲਈ ਉਨ੍ਹਾਂ ਦੇ ਵਾਸਤੇ ਵਿਸ਼ੇਸ਼ ਬਸਤਰ ਬਣਾਏ ਜਾਣ (28:1-5)। ਇਸ ਤੋਂ ਬਾਅਦ, ਉਸ ਨੇ ਹਰੇਕ ਦੇ ਬਸਤਰਾਂ ਦੇ ਲਈ ਵਿਸ਼ੇਸ਼ ਨਿਰਦੇਸ਼ ਦਿੱਤੇ, ਉਸ ਨੇ ਉਨ੍ਹਾਂ ਬਸਤਰਾਂ ਤੋਂ ਸ਼ੁਰੂ ਕੀਤਾ ਜੋ ਹਾਰੂਨ ਮਹਾਂ ਜਾਜਕ ਨੇ ਪਾਉਣੇ ਸਨ: ਸੁਲੇਮਾਨੀ ਪੱਥਰਾਂ ਵਾਲਾ ਏਫ਼ੋਦ (28:6-14); ਊਰੀਮ ਅਰ ਤੁੰਮੀਮ ਵਾਲਾ ਸੀਨਾਬੰਦ (28:15-30); ਚੋਗ਼ਾ (28:31-35); ਅਤੇ ਸੋਨੇ ਦਾ ਪੱਤ੍ਰਾ, ਕੁੜਤਾ, ਅਮਾਮਾ, ਅਤੇ ਪੇਟੀ (28:36-39)। ਅਧਿਆਇ ਉਨ੍ਹਾਂ ਬਸਤਰਾਂ ਦੇ ਨਾਲ ਸਮਾਪਤ ਹੁੰਦਾ ਹੈ ਜੋ ਸਾਰੇ ਜਾਜਕਾਂ ਦੇ ਲਈ ਸਮਾਨ ਸਨ - ਕੁੜਤੇ, ਪੇਟੀਆਂ, ਸਾਫ਼ੇ ਅਤੇ ਕਤਾਨ ਦੇ ਕੱਛ (28:40-43)।

## ਜਾਜਕਾਂ ਦੀ ਪਛਾਣ (28:1-5)

**1ਤੂੰ ਆਪਣੇ ਭਰਾ ਹਾਰੂਨ ਅਰ ਉਸ ਦੇ ਨਾਲ ਉਸ ਦੇ ਪੁੱਤ੍ਰਾਂ ਨੂੰ ਇਸਰਾਏਲੀਆਂ ਵਿੱਚੋਂ ਆਪਣੇ**
**ਕੋਲ ਲਿਆਈਂ ਤਾਂ ਜੋ ਓਹ ਮੇਰੇ ਲਈ ਜਾਜਕਾਈ ਦਾ ਕੰਮ ਕਰਨ ਅਰਥਾਤ ਹਾਰੂਨ ਅਰ ਉਸ ਦੇ**
**ਪੁੱਤ੍ਰ ਨਾਦਾਬ, ਅਬੀਹੂ, ਅਲਆਜਾਰ, ਈਥਾਮਾਰ। 2ਤੂੰ ਆਪਣੇ ਭਰਾ ਹਾਰੂਨ ਲਈ ਪਵਿੱਤ੍ਰ ਬਸਤ੍ਰ**
**ਪਰਤਾਪ ਅਤੇ ਸੁਹੱਪਣ ਲਈ ਬਣਾਈਂ। 3ਤੂੰ ਸਾਰੇ ਬੁੱਧਵਾਨਾਂ ਨੂੰ ਜਿਨ੍ਹਾਂ ਵਿੱਚ ਮੈਂ ਬੁੱਧ ਦਾ ਆਤਮਾ**
**ਭਰਿਆ ਹੈ ਬੋਲੀਂ ਕਿ ਓਹ ਹਾਰੂਨ ਦੇ ਬਸਤ੍ਰ ਉਹ ਦੀ ਪਵਿੱਤ੍ਰਤਾਈ ਲਈ ਬਣਾਉਣ ਤਾਂ ਜੋ ਉਹ**
**ਜਾਜਕ ਦਾ ਕੰਮ ਮੇਰੇ ਲਈ ਕਰੇ। 4ਜਿਹੜੇ ਬਸਤ੍ਰ ਓਹ ਬਣਾਉਣ ਸੋ ਏਹ ਹਨ - ਇੱਕ ਸੀਨੇ ਬੰਦ,**
**ਇੱਕ ਏਫ਼ੋਦ, ਇੱਕ ਚੋਗ਼ਾ ਅਤੇ ਇੱਕ ਕੱਢਿਆ ਹੋਇਆ ਕੁੜਤਾ, ਇੱਕ ਅਮਾਮਾ ਅਤੇ ਇੱਕ ਪੇਟੀ ਸੋ**
**ਏਹ ਪਵਿੱਤ੍ਰ ਬਸਤ੍ਰ ਤੇਰੇ ਭਰਾ ਹਾਰੂਨ ਤੇ ਉਹ ਦੇ ਪੁੱਤ੍ਰਾਂ ਲਈ ਬਣਾਉਣ ਤਾਂ ਜੋ ਓਹ ਮੇਰੇ ਲਈ**
**ਜਾਜਕਾਂ ਦਾ ਕੰਮ ਕਰਨ। 5ਅਤੇ ਓਹ ਸੋਨਾ, ਅਤੇ ਨੀਲਾ, ਬੈਂਗਣੀ, ਅਰ ਕਿਰਮਚੀ ਮਹੀਨ ਕਤਾਨ**

**ਲੈਣ।**

**ਆਇਤ 1.** ਪ੍ਰਭੂ ਨੇ ਇਹ ਦੱਸ ਕੇ ਸ਼ੁਰੂ ਕੀਤਾ ਕਿ [ਜਾਜਕਾਂ] ਦੇ ਰੂਪ ਵਿਚ ਕੌਣ **ਜਾਜਕਾਈ ਦਾ** ਕੰਮ ਕਰਣਗੇ - ਅਰਥਾਤ, **ਹਾਰੂਨ ਅਰ ਉਸ ਦੇ ਪੁੱਤ੍ਰ।** ਜਾਜਕਪੁਣੇ ਲਈ ਪਵਿੱਤਰ ਕੀਤੇ ਜਾਣ ਤੋਂ ਪਹਿਲਾਂ, ਹੋਰ ਲੋਕ ਜਾਜਕਾਈ ਕੰਮਾਂ ਨੂੰ ਕਰਦੇ ਸਨ। ਸਪੱਸ਼ਟ ਤੌਰ ਤੇ, ਪੁਰਖਿਆਂ ਦੇ ਸਮੇਂ ਵਿਚ, ਪਰਿਵਾਰਾਂ ਦੇ ਮੁੱਖੀ ਬਲੀਦਾਨ ਚੜ੍ਹਾਉਣ ਦੇ ਲਈ ਜ਼ਿੰਮੇਵਾਰ ਹੁੰਦੇ ਸਨ। ਉਦਾਹਰਣ ਦੇ ਤੌਰ ਤੇ, ਅਬਰਾਹਾਮ ਨੇ ਜਗਵੇਦੀਆਂ ਬਣਾਈਆਂ ਅਤੇ ਬਲੀਦਾਨ ਚੜ੍ਹਾਏ (ਉਤਪਤ 12:8; 13:18; 22:9, 13), ਅਤੇ ਅੱਯੂਬ ਨੇ ਵੀ ਬਲੀਦਾਨ ਚੜ੍ਹਾਏ (ਅੱਯੂਬ 1:5)। ਇਸ ਤੋਂ ਪਹਿਲਾਂ ਕੂਚ ਵਿਚ, ਜਵਾਨ ਆਦਮੀਆਂ ਨੇ ਜਾਜਕਾਈ ਦੇ ਕੰਮਾਂ ਨੂੰ ਕੀਤਾ (24:5)। ਉਹ ਇਸ ਕੰਮ ਦੇ ਲਈ ਚੰਗੀ ਤਰ੍ਹਾਂ ਅਨੁਕੂਲ ਸਨ ਕਿਉਂਕਿ ਜਾਨਵਰਾਂ ਨੂੰ ਵੱਢਣ ਅਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਸੰਭਾਲਣ ਦਾ ਕੰਮ ਸਰੀਰਕ ਤੌਰ ਤੇ ਇਸ ਦੀ ਮੰਗ ਕਰ ਰਿਹਾ ਸੀ।

ਇਸ ਬਿੰਦੂ ਤੇ, ਇਕ ਪਰਿਵਾਰ ਨੂੰ ਜਾਜਕਾਂ ਦੇ ਰੂਪ ਵਿਚ ਸੇਵਾ ਕਰਨ ਦੇ ਲਈ ਨਿਯੁਕਤ ਕੀਤਾ ਗਿਆ ਸੀ: ਹਾਰੂਨ ਦੇ ਪਰਿਵਾਰ ਨੂੰ। ਹਾਰੂਨ ਦੀ ਨਿਯੁਕਤੀ ਦੇ ਲਈ ਪਾਠ ਵਿਚ ਕੋਈ ਕਾਰਣ ਨਹੀਂ ਦਿੱਤਾ ਗਿਆ ਹੈ। ਸਪੱਸ਼ਟ ਤੌਰ ਤੇ, ਪਰਮੇਸ਼ੁਰ ਨੇ ਉਸ ਦੇ ਅਤੇ ਉਸ ਦੀ ਅੰਸ ਦੇ ਵਿਚ ਜਾਜਕ ਦੇ ਲਈ ਲੋੜੀਂਦੇ ਗੁਣਾਂ ਨੂੰ ਵੇਖਿਆ। ਬਾਅਦ ਵਿਚ, ਲੇਵੀਆਂ ਜਾਤੀ ਦੇ ਲੋਕਾਂ ਪਰਮੇਸ਼ੁਰ ਦੇ ਪ੍ਰਤਿ ਆਪਣੀ ਪੂਰੀ ਸ਼ਰਧਾ ਦੇ ਦੁਆਰਾ ਆਪਣੇ ਆਪ ਨੂੰ ਵੱਖਰਾ ਕਰ ਲਿਆ (32:26-28) ਅਤੇ ਉਨ੍ਹਾਂ ਨੂੰ ਜਾਜਕਾਈ ਕੌਮ ਦੇ ਰੂਪ ਵਿਚ, ਜਾਜਕਾਂ ਦੇ ਸਹਾਇਕਾਂ ਦੇ ਰੂਪ ਵਿਚ ਵੱਖਰਾ ਕੀਤਾ ਗਿਆ।

ਹਾਰੂਨ ਦੇ ਚਾਰ ਪੁੱਤਰਾਂ ਨੂੰ ਦੋ ਜੋੜਿਆਂ ਵਿਚ ਵੰਡਿਆ ਗਿਆ ਹੈ: **ਨਾਦਾਬ, ਅਬੀਹੂ, ਅਲਆਜ਼ਾਰ, ਈਥਾਮਾਰ।** ਪਹਿਲਾਂ ਜੋੜਾ, "ਨਾਦਾਬ ਅਤੇ ਅਬੀਹੂ" ਮਾਰੇ ਗਏ ਸਨ ਕਿਉਂਕਿ ਉਨ੍ਹਾਂ ਨੇ ਜਗਵੇਦੀ ਦੇ ਉੱਤੇ "ਓਪਰਾ ਧੂਪ ਧੁਖਾਇਆ" ਸੀ (ਲੇਵੀਆਂ 10:1, 2)। ਸਪੱਸ਼ਟ ਤੌਰ ਤੇ ਇਹ ਘਟਨਾ ਉਨ੍ਹਾਂ ਨੂੰ ਜਾਜਕਾਂ ਦੇ ਰੂਪ ਵਿਚ ਥਾਪੇ ਜਾਣ ਤੋਂ ਕੁੱਝ ਸਮੇਂ ਬਾਅਦ ਘਟੀ ਸੀ। ਦੂਸਰੇ ਜੋੜੇ, "ਅਲਆਜਾਰ ਅਤੇ ਈਥਾਮਾਰ" ਨੂੰ ਉਨ੍ਹਾਂ ਦੇ ਧਰਮੀ ਵਿਹਾਰ ਦੇ ਲਈ ਯਾਦ ਕੀਤਾ ਜਾਂਦਾ ਹੈ। ਈਥਾਮਾਰ ਦਾ ਉਲੇਖ ਬਾਅਦ ਵਿਚ ਡੇਹਰੇ ਦੇ ਨਿਰਮਾਣ ਦੇ ਸੰਬੰਧ ਵਿਚ ਕੀਤਾ ਗਿਆ ਹੈ (38:21), ਅਤੇ ਹਾਰੂਨ ਤੋਂ ਬਾਅਦ ਅਲਆਜਾਰ ਮਹਾਂ ਜਾਜਕ ਬਣਿਆ (ਗਿਣਤੀ 20:24-28)। ਬਾਅਦ ਵਿਚ ਇਸਰਾਏਲ ਦੇ ਇਤਹਾਸ ਵਿਚ ਇਨ੍ਹਾਂ ਪਰਿਵਾਰਿਕ ਰੇਖਾਵਾਂ ਦੇ ਮਹੱਤਵ ਨੂੰ ਦਰਸਾਉਂਦੇ ਹੋਏ, ਆਰ. ਐਲਨ ਕੋਲ ਨੇ ਲਿਖਿਆ, "ਬਾਅਦ ਵਿਚ ਸਾਦੋਕੀ ਮਹਾਂ ਜਾਜਕਾਂ ਨੇ ਆਪਣੀ ਵੰਸਾਵਲੀ ਤੇ ਧਿਆਨ ਲਾਇਆ *[ਅਲਆਜਾਰ]* (1 ਇਤਹਾਸ 6:3-8), ਜਦਕਿ ਏਲੀ ਦਾ ਘਰ, ਜਦਕਿ ਏਲੀ ਦੇ ਘਰਾਣੇ ਨੇ, ਜਿਸ ਵਿਚ ਦਾਊਦ ਦਾ ਜਾਜਕ ਅਲਆਜ਼ਾਰ ਵੀ ਸ਼ਾਮਲ ਸੀ, *ਈਥਾਮਾਰ* ਵਿਚ ਆਪਣੀ ਅੰਸ ਦਾ ਪਤਾ ਲਗਾਇਆ (1 ਇਤਹਾਸ 24:3)।"[1]

ਜਦਕਿ ਲੇਵੀ ਦਾ ਗੋਤ ਜਾਜਕਾਈ ਗੋਤ ਬਣ ਗਿਆ, ਪਰ ਸਾਰੇ ਲੇਵੀ ਜਾਜਕਾਂ ਦੇ ਰੂਪ ਵਿਚ ਸੇਵਾ ਕਰਨ ਦੇ ਲਾਇਕ ਨਹੀਂ ਸੀ। ਸਿਰਫ ਹਾਰੂਨ ਦੀ ਸੰਤਾਨ, ਜੋ ਖੁਦ ਲੇਵੀ ਦੀ ਸੰਤਾਨ ਵਿਚੋਂ ਸੀ, ਜਾਜਕ ਬਣ ਸਕਦੇ ਸਨ; ਅਤੇ ਮਹਾਂ ਜਾਜਕ ਉਨ੍ਹਾਂ ਵਿਚੋਂ ਚੁਣਿਆ ਗਿਆ ਜਾਂਦਾ ਸੀ। ਲੇਵੀਆਂ ਨੇ ਜਾਜਕਾਂ ਦੇ ਸਹਾਇਕਾਂ ਦੇ ਰੂਪ ਵਿਚ ਕੰਮ ਕੀਤਾ ਅਤੇ ਉਨ੍ਹਾਂ ਦੇ ਹੋਰ ਕੰਮ ਵੀ ਹੁੰਦੇ ਸਨ। ਇਸ ਲਈ, ਸਾਰੇ ਜਾਜਕ ਲੇਵੀ ਸਨ (ਉਹ ਲੇਵੀ ਦੀ ਸੰਤਾਨ ਸਨ), ਪਰ ਸਾਰੇ ਲੇਵੀ ਜਾਜਕ ਨਹੀਂ ਸਨ (ਸਿਰਫ ਹਾਰੂਨ ਦੀ ਸੰਤਾਨ ਵਿਚਲੇ ਲੋਕ ਜਾਜਕਾਂ ਦੇ ਰੂਪ ਵਿਚ ਸੇਵਾ ਕਰ ਸਕਦੇ ਸਨ)।

**ਆਇਤਾਂ 2-5.** ਫਿਰ ਪ੍ਰਭੂ ਨੇ ਹੁਕਮ ਦਿੱਤਾ ਕਿ ਜਾਜਕਾਂ ਦੇ ਲਈ ਦੇ ਲਈ ਵਿਸ਼ੇਸ਼ ਬਸਤਰ

ਬਣਾਏ ਜਾਣ ਜੋ ਉਹ ਸੇਵਾ ਕਰਨ ਦੇ ਸਮੇਂ ਪਹਿਨਣ। **ਹਾਰੂਨ,** ਮਹਾਂ ਜਾਜਕ ਨੇ, **ਪਰਤਾਪ ਅਤੇ ਸੁਹੱਪਣ ਲਈ** ਬਣਾਏ ਗਏ **ਪਵਿੱਤ੍ਰ ਬਸਤ੍ਰ** (ਬਸਤਰਾਂ) ਵਿਚ ਪ੍ਰਭੂ ਦੀ ਸੇਵਾ ਕਰਨੀ ਸੀ। ਹਾਰੂਨ ਦੀ ਭੂਮਿਕਾ ਵਿਸ਼ੇਸ਼ ਸੀ, ਦੂਸਰਿਆਂ ਤੋਂ ਵੱਖਰੀ, ਅਤੇ ਉਸ ਦੇ ਬਸਤਰ ਇਸ ਫਰਕ ਨੂੰ ਦਰਸਾਉਂਦੇ ਸਨ। ਬਸਤਰਾਂ ਵਿਚ, **ਇੱਕ ਸੀਨੇ ਬੰਦ, ਇੱਕ ਏਫ਼ੋਦ, ਇੱਕ ਚੋਗ਼ਾ ਅਤੇ ਇੱਕ ਕੱਢਿਆ ਹੋਇਆ ਕੁੜਤਾ, ਇੱਕ ਅਮਾਮਾ ਅਤੇ ਇੱਕ ਪੇਟੀ** ਸ਼ਾਮਲ ਸਨ, ਅਤੇ 28:6-43 ਵਿਚ ਇਨ੍ਹਾਂ ਨੂੰ ਹੋਰ ਵੀ ਵਿਸਥਾਰ ਨਾਲ ਦੱਸਿਆ ਹੈ।

ਅਧਿਆਇ 39 ਵਿਚ, ਜੋ ਜਾਜਕਾਂ ਦੇ ਬਸਤਰ ਬਣਾਉਣ ਦਾ ਵਰਣਨ ਕਰਦਾ ਹੈ, ਮਹਾਂ ਜਾਜਕ, ਹਾਰੂਨ, ਅਤੇ ਹੋਰਨਾਂ ਜਾਜਕਾਂ ਦੇ ਵਿਚਕਾਰ ਇਕ ਅੰਤਰ ਕੀਤਾ ਜਾਂਦਾ ਹੈ, ਜੋ ਹਾਰੂਨ ਦੇ ਪੁੱਤਰ ਸਨ। ਅਧਿਆਇ ਸ਼ੁਰੂ ਹੁੰਦਾ ਹੈ, "ਉਨ੍ਹਾਂ ਨੇ ਮਹੀਨ ਉਣਤੀ ਦਾ ਨੀਲਾ, ਬੈਂਗਣੀ ਅਤੇ ਕਿਰਮਚੀ ਬਸਤ੍ਰ ਪਵਿੱਤ੍ਰ ਅਸਥਾਨ ਦੀ ਉਪਾਸਨਾ ਲਈ ਬਣਾਇਆ ਅਤੇ ਹਾਰੂਨ ਲਈ ਪਵਿੱਤ੍ਰ ਬਸਤ੍ਰ ਬਣਾਏ" (39:1)। ਜਾਜਕਾਈ "ਬਸਤਰ ਜੋ ਪਵਿੱਤਰ ਸਥਾਨ ਵਿਚ ਸੇਵਾ ਕਰਨ ਵੇਲੇ ਪਹਿਨੇ ਜਾਂਦੇ ਸਨ" ਉਹ ਉਨ੍ਹਾਂ "ਪਵਿੱਤਰ ਬਸਤਰਾਂ" ਤੋਂ ਵੱਖਰੇ ਸਨ ਜੋ ਹਾਰੂਨ ਅਤੇ ਉਸ ਤੋਂ ਬਾਅਦ ਵਾਲੇ ਮਹਾਂ ਜਾਜਕਾਂ ਦੁਆਰਾ ਪਹਿਨੇ ਜਾਂਦੇ ਸਨ। ਪਰਮੇਸ਼ੁਰ ਨੇ ਮੂਸਾ ਨੂੰ ਕਿਹਾ, "ਤੂੰ ਆਪਣੇ ਭਰਾ ਹਾਰੂਨ ਲਈ ਪਵਿੱਤ੍ਰ ਬਸਤ੍ਰ ਪਰਤਾਪ ਅਤੇ ਸੁਹੱਪਣ ਲਈ ਬਣਾਈਂ" (28:2)। ਸਿਰਫ ਹਾਰੂਨ, ਮਹਾਂ ਜਾਜਕ ਦੇ ਬਸਤਰਾਂ ਨੂੰ, "ਪਵਿੱਤਰ" ਦਾ ਨਾਮ ਦਿੱਤਾ ਗਿਆ ਸੀ।

ਇਸ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਕਿ ਮਹਾਂ ਜਾਜਕ ਦੇ ਬਸਤਰਾਂ ਦਾ ਵਰਣਨ ਵਿਸਥਾਰ ਵਿਚ ਕੀਤਾ ਗਿਆ ਹੈ, ਜਦਕਿ ਸਿਰਫ ਕੁੱਝ ਕੁ ਵੇਰਵੇ ਹੀ ਦੂਜੇ ਜਾਜਕਾਂ ਦੇ ਬਸਤਰਾਂ ਦਾ ਵਰਣਨ ਕਰਦੇ ਹਨ। ਆਪਣੇ ਅਧਿਕਾਰ ਦੇ ਕੰਮਾਂ ਨੂੰ ਨਿਭਾਉਣ ਦੇ ਲਈ ਮਹਾਂ ਜਾਜਕ ਜੋ ਵਰਦੀ ਪਹਿਨਦਾ ਸੀ, ਉਹ ਬਹੁਤ ਹੀ ਸ਼ਾਨਦਾਰ ਢੰਗ ਦੇ ਨਾਲ ਤਿਆਰ ਕੀਤੀ ਗਈ, ਅਤੇ ਪ੍ਰਭਾਵਸ਼ਾਲੀ, ਅਤੇ ਪ੍ਰਤੀਕਾਤਮਕ ਸੀ। ਦੂਸਰੇ ਜਾਜਕਾਂ ਦੁਆਰਾ ਪਹਿਨੇ ਜਾਣ ਵਾਲੇ ਬਸਤਰ ਬਹੁਤ ਹੀ ਸਧਾਰਣ ਸਨ। ਉਨ੍ਹਾਂ ਦੇ ਲਈ, ਜੋ ਸਭ ਕੁੱਝ ਚਾਹੀਦਾ ਸੀ ਉਹ ਇੱਕ ਕੁੜਤਾ, ਇੱਕ ਪੇਟੀ, ਕਤਾਨ ਦੇ ਕੱਛ, ਅਤੇ ਇੱਕ ਸਾਫ਼ਾ ਸੀ। ਸਿਰਫ ਸਾਫ਼ੇ ਨੂੰ ਛੱਡ ਕੇ, ਦੂਜੇ ਜਾਜਕਾਂ ਦੇ ਵਾਂਗ ਮਹਾਂ ਜਾਜਕ ਵੀ ਸਧਾਰਣ ਬਸਤਰ ਪਹਿਨਦਾ ਸੀ। ਪਰ, ਇਸ ਤੋਂ ਇਲਾਵਾ, ਉਹ ਏਫ਼ੋਦ, ਸੀਨੇਬੰਦ, ਪਟਕਾ, ਅਤੇ ਅਮਾਮੇ ਉੱਤੇ ਸੋਨੇ ਦਾ ਪੱਤ੍ਰਾ ਪਹਿਨਦਾ ਸੀ, ਜੋ ਸਾਰੇ ਉਸ ਦੇ ਅਹੁਦੇ ਨੂੰ ਦਰਸਾਉਂਦੇ ਹਨ।

ਮਹਾਂ ਜਾਜਕ ਅਤੇ ਹੋਰਨਾਂ ਜਾਜਕਾਂ ਦੇ ਬਸਤਰਾਂ ਵਿਚ ਅੰਤਰ ਨੇ ਉਨ੍ਹਾਂ ਦੇ ਕੰਮਾਂ ਦੇ ਅੰਤਰ ਤੇ ਜ਼ੋਰ ਦਿੱਤਾ। ਜਦਕਿ ਜਾਜਕਾਂ ਦਾ ਕੰਮ ਮਹੱਤਵਪੂਰਣ ਸੀ, ਪਰ ਮਹਾਂ ਜਾਜਕ ਦੀ ਭੂਮਿਕਾ ਸਭ ਤੋਂ ਮਹੱਤਵਪੂਰਣ ਸੀ।

## ਏਫੋਦ ਅਤੇ ਸੁਲੇਮਾਨੀ ਪੱਥਰ (28:6-14)

**6ਅਰ ਓਹ ਏਫ਼ੋਦ ਨੂੰ ਸੋਨੇ, ਅਤੇ ਨੀਲੇ ਬੈਂਗਣੀ, ਕਿਰਮਚੀ ਮਹੀਨ ਉਣੇ ਹੋਏ ਕਤਾਨ ਦਾ ਬਣਾਉਣ ਅਤੇ ਉਹ ਕਾਰੀਗਰ ਦਾ ਕੰਮ ਹੋਵੇ। 7ਅਰ ਦੋਹਾਂ ਮੋਢਿਆਂ ਦੀਆਂ ਕਤਰਾਂ ਉਸ ਦੇ ਦੋਹਾਂ ਸਿਰਿਆਂ ਨੂੰ ਜੋੜ ਦੇਣ ਐਉਂ ਉਹ ਜੋੜਿਆ ਜਾਵੇ। 8ਅਤੇ ਕਾਰੀਗਰੀ ਨਾਲ ਕੱਢਿਆ ਹੋਇਆ ਪਟਕਾ ਜਿਹੜਾ ਉਹ ਦੇ ਉੱਤੇ ਹੈ ਜਿਹ ਦੇ ਨਾਲ ਉਹ ਕੱਸਿਆ ਜਾਵੇ ਉਸ ਦੇ ਕੰਮ ਅਨੁਸਾਰ ਉਸੇ ਤੋਂ ਹੋਵੇ ਅਰਥਾਤ ਸੋਨੇ ਅਤੇ ਨੀਲੇ ਬੈਂਗਣੀ ਕਿਰਮਚੀ ਮਹੀਨ ਉਣੇ ਹੋਏ ਕਤਾਨ ਦਾ ਹੋਵੇ। 9ਤੂੰ ਦੋ ਸੁਲੇਮਾਨੀ ਪੱਥਰ ਲੈਕੇ ਉਨ੍ਹਾਂ ਦੇ ਉੱਤੇ ਇਸਰਾਏਲ ਦੇ ਪੁੱਤ੍ਰਾਂ ਦੇ ਨਾਉਂ ਉੱਕਰੀਂ। 10ਉਨ੍ਹਾਂ ਦੇ ਛੇ ਨਾਉਂ ਇੱਕ ਪੱਥਰ ਉੱਤੇ ਅਤੇ ਬਾਕੀ ਛੇ ਦੂਜੇ ਪੱਥਰ ਉੱਤੇ ਉਨ੍ਹਾਂ ਦੇ ਜਨਮ ਦੇ ਅਨੁਸਾਰ। 11ਪੱਥਰਾਂ ਦੀ ਚਿੱਤਰਕਾਰੀ**

**ਦੇ ਕੰਮ ਨਾਲ ਛਾਪ ਦੀ ਉੱਕਰਾਈ ਵਾਂਙੁ ਤੂੰ ਉਨ੍ਹਾਂ ਦੋਹਾਂ ਪੱਥਰਾਂ ਨੂੰ ਇਸਰਾਏਲ ਦੇ ਪੁੱਤ੍ਰਾਂ ਦੇ ਨਾਮਾਂ ਅਨੁਸਾਰ ਉੱਕਰਾਈਂ ਅਤੇ ਤੂੰ ਉਨ੍ਹਾਂ ਨੂੰ ਸੋਨੇ ਦੇ ਖ਼ਾਨਿਆਂ ਵਿੱਚ ਜੜੀਂ। [12]ਤੂੰ ਏਫ਼ੋਦ ਦੇ ਮੋਢਿਆਂ ਦੀਆਂ ਕਤਰਾਂ ਉੱਤੇ ਏਹ ਦੋਨੋਂ ਪੱਥਰ ਰੱਖੀਂ। ਓਹ ਇਸਰਾਏਲ ਦੇ ਪੁੱਤ੍ਰਾਂ ਲਈ ਯਾਦਗੀਰੀ ਦੇ ਪੱਥਰ ਹੋਣ। ਐਉਂ ਹਾਰੂਨ ਉਨ੍ਹਾਂ ਦੇ ਨਾਉਂ ਯਹੋਵਾਹ ਦੇ ਅੱਗੇ ਆਪਣੇ ਦੋਹਾਂ ਮੋਢਿਆਂ ਉੱਤੇ ਯਾਦਗਾਰੀ ਲਈ ਲੈ ਜਾਵੇ। [13]ਤੂੰ ਸੋਨੇ ਦੇ ਖ਼ਾਨੇ ਬਣਾਈਂ। [14]ਅਤੇ ਖ਼ਾਲਸ ਸੋਨੇ ਦੀਆਂ ਦੋ ਜੰਜੀਰੀਆਂ ਰੱਸਿਆਂ ਵਾਂਙੁ ਗੁੰਦੇ ਹੋਏ ਕੰਮ ਨਾਲ ਬਣਾਈਂ ਅਤੇ ਤੂੰ ਓਹ ਗੁੰਦੀਆਂ ਹੋਈਆਂ ਜੰਜੀਰੀਆਂ ਨੂੰ ਖ਼ਾਨਿਆਂ ਉੱਤੇ ਕੱਸੀਂ।**

**ਆਇਤ 6.** ਪਹਿਲਾ ਬਸਤਰ ਜਿਸ ਦਾ ਵਰਣਨ ਕੀਤਾ ਗਿਆ ਹੈ ਉਹ **ਏਫ਼ੋਦ** ਹੈ। ਅੰਗ੍ਰੇਜ਼ੀ ਸ਼ਬਦ "ਏਫ਼ੋਦ" ਇਬਰਾਨੀ ਸ਼ਬਦ (אֵפֹד, *ਈਪੋਡ)* ਦਾ ਲਿਪੀਅੰਤਰਣ ਹੈ। ਏਫ਼ੋਦ, ਸਪੱਸ਼ਟ ਤੌਰ ਤੇ ਇੱਕ ਤਰ੍ਹਾਂ ਦੀ ਵਾਸਕਟ ਹੈ, ਜਿਸ ਦਾ ਵਰਣਨ ਇੱਕ ਏਪਰਨ ਜਾਂ ਕੇਲਟ ਦੇ ਤੌਰ ਤੇ ਵੀ ਕੀਤਾ ਗਿਆ ਹੈ।[2] ਇਹ ਮਹਾਂ ਜਾਜਕ ਦੇ ਕੰਮ ਦੇ ਪ੍ਰਾਥਮਿਕ ਬਸਤਰ ਦੇ ਰੂਪ ਵਿਚ ਕੰਮ ਕਰਦਾ ਹੈ। ਇਸ ਨੂੰ ਚੋਗ਼ੇ ਦੇ ਉੱਪਰੋਂ ਪਾਇਆ ਜਾਂਦਾ ਸੀ, ਅਤੇ ਸੀਨੇਬੰਦ ਨੂੰ ਇਸ ਦੇ ਉੱਤੇ ਜੋੜਿਆ ਜਾਂਦਾ ਸੀ। ਪੁਰਾਣੇ ਨੇਮ ਵਿਚ "ਏਫ਼ੋਦ" ਦਾ ਇਸਤੇਮਾਲ ਕਈ ਤਰੀਕਿਆਂ ਦੇ ਨਾਲ ਕੀਤਾ ਗਿਆ ਹੈ। ਇਹ ਇੱਕ ਮੂਰਤ ਦਾ ਹਵਾਲਾ ਦੇ ਸਕਦਾ ਹੈ (ਨਿਆਈਆਂ 8:27; 18:14, 17, 18, 20)। ਇਹ ਇੱਕ ਸਧਾਰਣ ਕਤਾਨ ਦੇ ਬਸਤਰ ਨੂੰ ਵੀ ਦਰਸਾ ਸਕਦਾ ਹੈ ਜੋ ਸਪੱਸ਼ਟ ਤੌਰ ਤੇ ਜਾਜਕਾਂ ਦੇ ਵਿਸ਼ੇਸ਼ ਦੈਨਿਕ ਬਸਤਰਾਂ ਦਾ ਉਲੇਖ ਕਰ ਸਕਦਾ ਹੈ (1 ਸਮੂਏਲ 2:18; 14:3; 22:18)। ਮਹਾਂ ਜਾਜਕ ਦਾ ਏਫ਼ੋਦ ਬਣਾਉਣ ਦੇ ਲਈ ਉਸੇ ਪ੍ਰਕਾਰ ਦੀ ਸਮੱਗਰੀ ਇਸਤੇਮਾਲ ਕੀਤੀ ਗਈ ਸੀ ਜਿਸ ਪ੍ਰਕਾਰ ਦੀ ਡੇਹਰੇ ਦੇ ਪਰਦੇ ਬਣਾਉਣ ਦੇ ਲਈ ਵਰਤੀ ਗਈ ਸੀ, "ਸੁਹੱਪਣ" ਅਤੇ "ਪਰਤਾਪ" ਨੂੰ ਜੋੜਣ ਦੇ ਲਈ ਇਸ ਵਿਚ ਸੋਨੇ ਦੀਆਂ ਤਾਰਾਂ ਨੂੰ ਉਣਿਆ ਗਿਆ ਸੀ (28:2)।

ਕੂਚ 39:2-7 ਵਿਚ ਇਸ ਗੱਲ ਤੇ ਹੋਰ ਰੌਸ਼ਨੀ ਪਾਈ ਗਈ ਹੈ ਕਿ ਇਸਰਾਏਲੀਆਂ ਨੇ ਏਫ਼ੋਦ ਨੂੰ ਬਣਾਉਣ ਵਿਚ ਇਨ੍ਹਾਂ ਹਿਦਾਇਤਾਂ ਨੂੰ ਕਿਵੇਂ ਮੰਨਿਆ ਸੀ। ਉਦਾਹਰਣ ਦੇ ਲਈ, 28:6 ਕਹਿੰਦੀ ਹੈ ਕਿ ਏਫ਼ੋਦ ਨੂੰ **ਸੋਨੇ, ਅਤੇ ਨੀਲੇ ਬੈਂਗਣੀ, ਕਿਰਮਚੀ ਮਹੀਨ ਉਣੇ ਹੋਏ ਕਤਾਨ ਦਾ ਬਣਾਇਆ ਜਾਵੇ।** ਕਿਵੇਂ ਸੋਨੇ ਨੂੰ, ਇੱਕ ਕੀਮਤੀ ਧਾਂਤ ਨੂੰ, ਇੱਕ ਬਸਤਰ ਬਣਾਉਣ ਦੇ ਲਈ ਇਸਤੇਮਾਲ ਕੀਤਾ ਜਾ ਸਕਦਾ ਹੈ ਜੋ ਕੱਪੜੇ ਦਾ ਬਣਾਇਆ ਜਾਣਾ ਸੀ। ਕੂਚ 39:3 ਦੱਸਦਾ ਹੈ: "ਫੇਰ ਉਨ੍ਹਾਂ ਨੇ ਸੋਨੇ ਨੂੰ ਕੁੱਟ ਕੇ ਪਤਲੇ ਪਤਲੇ ਪੱਤ੍ਰ ਬਣਾਏ ਅਤੇ ਉਨ੍ਹਾਂ ਤੋਂ ਬਰੀਕ ਤਾਰਾਂ ਬਣਾਈਆਂ ਅਤੇ ... ਉਣਿਆ।"

**ਆਇਤਾਂ 7-11.** ਏਫ਼ੋਦ ਨੂੰ ਅੱਗੋਂ ਅਤੇ ਪਿੱਛੋ **ਮੋਢਿਆਂ ਦੀਆਂ ਕਤਰਾਂ** ਨਾਲ ਜੋੜਿਆ ਗਿਆ ਸੀ। **ਦੋ ਸੁਲੇਮਾਨੀ ਪੱਥਰ**, **ਸੋਨੇ ਦੇ ਖਾਨਿਆਂ** ਵਿੱਚ, ਇਨ੍ਹਾਂ ਮੋਢਿਆਂ ਦੀਆਂ ਕਤਰਾਂ ਉੱਤੇ ਜੜ੍ਹੇ ਗਏ ਸਨ। "ਸੁਲੇਮਾਨੀ ਪੱਥਰ" ਸ਼ਬਦ ਇੱਕ ਬਹੁਤ ਹੀ ਕੀਮਤੀ ਪੱਥਰ ਨੂੰ ਦਰਸਾਉਂਦਾ ਹੈ ਜੋ "ਅੱਗ ਦੀ ਚਮਕ ਦੇ ਨਾਲ ਚਮਕ" ਸਕਦਾ ਹੈ - ਅੱਜ ਜਾਣੇ ਜਾਣ ਵਾਲੇ ਸੁਲੇਮਾਨੀ ਪੱਥਰ ਦੇ ਉਲਟ, "ਜੋ ਨਾ ਤਾਂ ਕੀਮਤੀ ਅਤੇ ਨਾ ਹੀ ਸ਼ਾਨਦਾਰ ਹੈ।"[3] ਹਰੇਕ ਪੱਥਰ ਉੱਤੇ **ਇਸਰਾਏਲ ਦੇ ਛੇ ਪੁੱਤ੍ਰਾਂ ਦੇ ਨਾਉਂ, ਉਨ੍ਹਾਂ ਦੇ ਜਨਮ ਦੇ ਅਨੁਸਾਰ ਉਕਰਾਈਂ** (ਉਕਰਾਏ ਜਾਣ)। "ਇਸਰਾਏਲ ਦੇ ਪੁੱਤ੍ਰਾਂ" ਨੂੰ ਹੋਰਨਾਂ ਸਥਾਨਾਂ ਤੇ "ਬਾਰ੍ਹਾਂ ਗੋਤ" ਕਿਹਾ ਗਿਆ ਹੈ (24:4; 28:21; 39:14)।

**ਆਇਤਾਂ 12-14.** ਇਹ ਸੁਲੇਮਾਨੀ **ਪੱਥਰ** ਜਿਨ੍ਹਾਂ ਦੇ ਉੱਤੇ **ਇਸਰਾਏਲ ਦੇ ਪੁੱਤ੍ਰਾਂ** ਨਾਉਂ ਉੱਕਰੇ ਹੋਏ ਸਨ ਉਹ ਇੱਕ **ਯਾਦਗੀਰੀ** ਦਾ ਕੰਮ ਕਰਦੇ ਸਨ। ਸਪੱਸ਼ਟ ਤੌਰ ਤੇ ਪੱਥਰ ਇਸਰਾਏਲ ਦੇ ਸਾਰੇ ਲੋਕਾਂ ਦਾ ਸੰਕੇਤ ਦਿੰਦੇ ਸਨ; ਜਦੋਂ ਹਾਰੂਨ ਮਾਫ਼ੀ ਅਤੇ ਬਰਕਤਾਂ ਲਈ ਪ੍ਰਭੂ ਦੇ ਸਾਹਮਣੇ ਪ੍ਰਾਰਥਨਾ ਕਰਦਾ ਸੀ ਤਾਂ **ਉਨ੍ਹਾਂ ਦੇ ਨਾਉਂ ਯਹੋਵਾਹ ਦੇ ਅੱਗੇ ਆਪਣੇ ਦੋਹਾਂ ਮੋਢਿਆਂ ਉੱਤੇ ਯਾਦਗੀਰੀ ਲਈ ਲੈ** (ਜਾਂਦਾ ਹੁੰਦਾ ਸੀ)।

# ਸੀਨਾਬੰਦ ਅਤੇ ਊਰੀਮਅਤੇ ਤੁੰਮੀਮ (28:15-30)

**15ਤੂੰ ਇੱਕ ਨਿਆਉਂ ਦਾ ਸੀਨਾ ਬੰਦ ਕਾਰੀਗਰ ਦੀ ਬਣਤ ਦਾ ਬਣਾਈਂ। ਏਫ਼ੋਦ ਦੇ ਕੰਮ ਵਾਂਙੁ
ਉਹ ਨੂੰ ਬਣਾਈਂ ਅਰਥਾਤ ਸੋਨੇ ਅਤੇ ਨੀਲੇ, ਬੈਂਗਣੀ, ਕਿਰਮਚੀ ਮਹੀਨ ਉਣੇ ਹੋਏ ਕਤਾਨ ਦਾ ਉਹ
ਨੂੰ ਬਣਾਈਂ। 16ਓਹ ਚੌਰਸ ਅਤੇ ਦੋਹਰਾ ਹੋਵੇ। ਉਸ ਦੀ ਲੰਬਾਈ ਇੱਕ ਗਿੱਠ ਅਤੇ ਉਸ ਦੀ ਚੁੜਾਈ
ਇੱਕ ਗਿੱਠ ਹੋਵੇ। 17ਤੂੰ ਉਸ ਵਿੱਚ ਪੱਥਰਾਂ ਲਈ ਖ਼ਾਨੇ ਰੱਖੀਂ ਅਤੇ ਪੱਥਰਾਂ ਦੀਆਂ ਚਾਰ ਪਾਲਾਂ ਜੜੀਂ।
ਇੱਕ ਪਾਲ ਵਿੱਚ ਲਾਲ ਅਕੀਕ, ਸੁਨਹਿਲਾ, ਜ਼ਬਰਜਦ, ਅਰਥਾਤ ਏਹ ਪਹਿਲੀ ਪਾਲ ਹੈ। 18ਦੂਜੀ
ਪਾਲ ਵਿੱਚ ਪੰਨਾ, ਨੀਲਮ, ਦੂਧੀਯਾ ਬਿਲੌਰ। 19ਤੀਜੀ ਪਾਲ ਵਿੱਚ ਜ਼ਕਰਨ, ਹਰੀ ਅਕੀਕ,
ਕਟਹਿਲਾ। 20ਚੌਥੀ ਪਾਲ ਵਿੱਚ ਬੈਰੂਜ਼, ਸੁਲੇਮਾਨੀ, ਯਸ਼ਬ। ਏਹ ਆਪੋ ਆਪਣੇ ਖ਼ਾਨਿਆਂ ਵਿੱਚ
ਸੋਨੇ ਨਾਲ ਜੜੇ ਜਾਣ। 21ਓਹ ਪੱਥਰ ਇਸਰਾਏਲ ਦੇ ਪੁੱਤ੍ਰਾਂ ਦੇ ਨਾਮਾਂ ਅਨੁਸਾਰ ਹੋਣਗੇ ਅਰਥਾਤ
ਉਨ੍ਹਾਂ ਦੇ ਬਾਰਾਂ ਨਾਮਾਂ ਦੇ ਅਨੁਸਾਰ ਛਾਪ ਦੀ ਉਕਰਾਈ ਵਾਂਙੁ ਹਰ ਇੱਕ ਦੇ ਨਾਉਂ ਦੇ ਅਨੁਸਾਰ
ਓਹ ਬਾਰਾਂ ਗੋਤਾਂ ਲਈ ਹੋਣਗੇ। 22ਤੂੰ ਸੀਨੇਬੰਦ ਉਤੇ ਖ਼ਾਲਸ ਸੋਨੇ ਦੀ ਜੰਜੀਰੀ ਰੱਸਿਆਂ ਵਾਂਙੁ ਗੁੰਦੇ
ਹੋਏ ਕੰਮ ਦੀ ਬਣਾਈਂ। 23ਅਤੇ ਤੂੰ ਸੀਨੇ ਬੰਦ ਉਤੇ ਸੋਨੇ ਦੇ ਦੋ ਕੜੇ ਬਣਾਈਂ ਅਤੇ ਤੂੰ ਦੋਨੋਂ ਕੜੇ ਸੀਨੇ
ਬੰਦ ਦੇ ਦੋਹਾਂ ਸਿਰਿਆਂ ਵਿੱਚ ਪਾਵੀਂ। 24ਤੂੰ ਉਨ੍ਹਾਂ ਦੋਹਾਂ ਗੁੰਦੀਆਂ ਹੋਈਆਂ ਸੋਨੇ ਦੀਆਂ ਜੰਜੀਰੀਆਂ
ਨੂੰ ਸੀਨੇ ਬੰਦ ਦੇ ਸਿਰਿਆਂ ਉੱਤੇ ਉਨ੍ਹਾਂ ਦੋਹਾਂ ਕੜਿਆਂ ਵਿੱਚ ਪਾਵੀਂ। 25ਅਰ ਦੂਜੇ ਦੋਨੋਂ ਸਿਰੇ ਗੁੰਦੀਆਂ
ਹੋਈਆਂ ਜੰਜੀਰੀਆਂ ਦੇ ਉਨ੍ਹਾਂ ਦੋਹਾਂ ਖ਼ਾਨਿਆਂ ਵਿੱਚ ਕੱਸੀਂ ਅਤੇ ਤੂੰ ਉਨ੍ਹਾਂ ਨੂੰ ਏਫੋਦ ਦੇ ਮੋਢਿਆਂ ਦੀਆਂ
ਕੱਤਰਾਂ ਉੱਤੇ ਅਗਲੇ ਪਾਸੇ ਰੱਖੀਂ। 26ਤੂੰ ਸੋਨੇ ਦੇ ਦੋ ਕੜੇ ਬਣਾਈਂ ਅਤੇ ਤੂੰ ਉਨ੍ਹਾਂ ਨੂੰ ਸੀਨੇ ਬੰਦ ਦੇ
ਦੋਹਾਂ ਸਿਰਿਆਂ ਵਿੱਚ ਪਾਵੀਂ ਜਿਹੜੇ ਏਫੋਦ ਦੀ ਕਨਾਰੀ ਦੇ ਅੰਦਰਲੇ ਪਾਸੇ ਹਨ। 27ਤਾਂ ਤੂੰ ਸੋਨੇ ਦੇ
ਦੋ ਹੋਰ ਕੜੇ ਬਣਾਈਂ ਅਰ ਤੂੰ ਉਨ੍ਹਾਂ ਨੂੰ ਏਫੋਦ ਦੇ ਦੋਹਾਂ ਮੋਢਿਆਂ ਦੀਆਂ ਕੱਤਰਾਂ ਉੱਤੇ ਅਗਲੇ ਪਾਸੇ
ਹੇਠਲੀ ਵੱਲ ਸੀਣ ਦੇ ਨੇੜੇ ਏਫੋਦ ਦੇ ਕਾਰੀਗਰੀ ਨਾਲ ਕੱਢੇ ਹੋਏ ਪੱਟਕੇ ਦੇ ਉੱਤੇ ਰੱਖੀਂ। 28ਤਾਂ ਜੋ
ਸੀਨੇ ਬੰਦ ਨੂੰ ਉਸ ਦੇ ਕੜਿਆਂ ਨਾਲ ਏਫੋਦ ਦੇ ਕੜਿਆਂ ਵਿੱਚ ਨੀਲੇ ਰੰਗ ਦੀ ਰੱਸੀ ਨਾਲ ਓਹ
ਅਜੇਹਾ ਬੰਨ੍ਹਣ ਕਿ ਉਹ ਏਫੋਦ ਦੇ ਕਾਰੀਗਰੀ ਨਾਲ ਕੱਢੇ ਹੋਏ ਪੱਟਕੇ ਉੱਤੇ ਰਹੇ ਅਤੇ ਸੀਨਾ ਬੰਦ
ਏਫੋਦ ਦੇ ਉੱਤੋਂ ਨਾ ਖੁਲ੍ਹੇ। 29ਐਉਂ ਹਾਰੂਨ ਇਸਰਾਏਲ ਦੇ ਪੁੱਤ੍ਰਾਂ ਦੇ ਨਾਉਂ ਨਿਆਉਂ ਦੇ ਸੀਨੇ ਬੰਦ
ਵਿੱਚ ਆਪਣੇ ਹਿਰਦੇ ਉੱਤੇ ਚੁੱਕੇ ਜਦ ਉਹ ਪਵਿੱਤ੍ਰ ਅਸਥਾਨ ਵਿੱਚ ਜਾਵੇ ਤਾਂ ਜੋ ਯਹੋਵਾਹ ਦੇ
ਸਨਮੁਖ ਏਹ ਸਦਾ ਦੀ ਯਾਦਗੀਰੀ ਹੋਵੇ। 30ਤੂੰ ਨਿਆਉਂ ਦੇ ਸੀਨੇ ਬੰਦ ਵਿੱਚ ਊਰੀਮ ਅਰ ਤੁੰਮੀਮ
ਪਾਵੀਂ ਅਰ ਐਉਂ ਉਹ ਹਾਰੂਨ ਦੇ ਹਿਰਦੇ ਉੱਤੇ ਹੋਣ ਜਦ ਉਹ ਯਹੋਵਾਹ ਦੇ ਸਨਮੁਖ ਜਾਵੇ ਅਰ
ਹਾਰੂਨ ਇਸਰਾਏਲ ਦੇ ਪੁੱਤ੍ਰਾਂ ਦਾ ਨਿਆਉਂ ਆਪਣੇ ਹਿਰਦੇ ਉੱਤੇ ਯਹੋਵਾਹ ਦੇ ਸਨਮੁਖ ਸਦਾ ਲਈ
ਚੁੱਕੇ।**

**ਆਇਤਾਂ 15, 16.** ਮਹਾਂ ਜਾਜਕ ਦੇ **ਏਫ਼ੋਦ** ਦੀ ਸਭ ਤੋਂ ਵੱਡੀ ਵਿਸ਼ੇਸ਼ਤਾ **ਸੀਨਾ ਬੰਦ** ਸੀ। ਜਾਜਕ ਦੀ ਪੁਸ਼ਾਕ ਦੇ ਕਿਸੇ ਵੀ ਹਿੱਸੇ ਦੀ ਤੁਲਨਾ ਵਿਚ ਇਸ ਨੂੰ ਵਧੇਰੇ ਸਥਾਨ ਦਿੱਤਾ ਜਾਂਦਾ ਹੈ। ਇਹ ਏਫ਼ੋਦ ਦੇ ਕੰਮ ਵਾਂਙੁ ਬਣਿਆ ਸੀ ਅਤੇ ਉਸ ਦੀ **ਲੰਬਾਈ ਇੱਕ ਗਿੱਠ ਅਤੇ ਉਸ ਦੀ ਚੁੜਾਈ ਇੱਕ ਗਿੱਠ** ਸੀ, ਅਰਥਾਤ, ਲਗਭਗ ਨੌ ਇੰਚ **ਚੌਰਸ।** ਇੱਕ "ਗਿੱਠ" ਅੱਧਾ ਹੱਥ ਹੁੰਦਾ ਹੈ (ਹਿਜ਼ਕੀਏਲ 43:13, 17), ਜਾਂ ਲਗਭਗ ਨੌ ਇੰਚ।[4] ਸੀਨੇ ਬੰਦ ਨੂੰ **ਚੌਰਸ ਅਤੇ ਦੋਹਰਾ** ਮੋੜਣਾ ਸੀ, ਜਾਹਿਰ ਤੌਰ ਤੇ ਇਸ ਲਈ ਕਿ "ਊਰੀਮ ਅਰ ਤੁੰਮੀਮ" ਨੂੰ ਪਾਉਣ ਦੇ ਲਈ ਇੱਕ ਜੇਬ ਪ੍ਰਦਾਨ ਕੀਤੀ ਗਈ ਸੀ (28:30)। ਊਰੀਮ ਅਤੇ ਤੁੰਮੀਮ ਦੇ ਲਈ ਸੀਨਾ ਬੰਦ ਸ਼ਾਇਦ ਇੱਕ ਥੈਲੇ ਵਰਗਾ ਬਣਾਇਆ ਗਿਆ ਸੀ, ਪਰ ਇਹ ਵਿਚਾਰ ਵਿਵਾਦ ਵਾਲਾ ਹੈ।[5]

**ਆਇਤਾਂ 17-20.** ਸੀਨੇ ਬੰਦ ਦੇ ਉੱਤੇ ਬਾਰ੍ਹਾਂ ਹੀਰੇ **ਚਾਰ ਪਾਲਾਂ** ਵਿਚ ਜੜੇ ਹੋਏ ਸਨ:

(1) **ਲਾਲ ਅਕੀਕ, ਸੁਨਹਿਲਾ, ਜ਼ਬਰਜਦ**; (2) **ਪੱਨਾ, ਨੀਲਮ, ਦੂਧੀਯਾ** ਬਿਲੌਰ; (3) **ਜ਼ਕਰਨ, ਹਰੀ ਅਕੀਕ, ਕਟਹਿਲਾ**; ਅਤੇ (4) **ਬੈਰੂਜ਼, ਸੁਲੇਮਾਨੀ, ਯਸ਼ੁਬ** (ਵੇਖੋ 39:10-14)। ਲਿਖਤ ਨੇ ਬਾਰ੍ਹਾਂ ਪੱਥਰਾਂ ਦੇ ਸੰਕੇਤਕ ਮਹੱਤਵ ਨੂੰ ਖੋਜਣ ਦੀ ਕੋਸ਼ਿਸ਼ ਕੀਤੀ ਹੈ। ਪਰ, ਪੱਥਰਾਂ ਦੀ ਪਹਿਚਾਣ ਕਰਨ ਵਿਚ ਮੁਸ਼ਕਲ ਅਤੇ ਪਾਠ ਦੁਆਰਾ ਪ੍ਰਦਾਨ ਕੀਤੀ ਗਈ ਥੋੜ੍ਹੀ ਜਿਹੀ ਜਾਣਕਾਰੀ ਕਿਸੇ ਵੀ ਯਕੀਨੀ ਗੱਲ ਤੋਂ ਰੋਕਦੀ ਹੈ। ਅਸਲ ਵਿਚ, ਜੌਨ ਆਈ. ਡਰਹਮ ਨੇ ਕਿਹਾ ਕਿ "ਇਸਤੇਮਾਲ ਕੀਤੇ ਗਏ ਪੱਥਰਾਂ ਦਾ ਸਿਰਫ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿਉਂਕਿ ਅਸੀਂ ਕਿਸੇ ਵੀ ਨਿਸ਼ਚਤਤਾ ਨਾਲ ਉਨ੍ਹਾਂ ਲਈ ਨਿਯੁਕਤ ਕੀਤੇ ਨਿਯਮਾਂ ਦਾ ਅਨੁਵਾਦ ਨਹੀਂ ਕਰ ਸਕਦੇ ਹਾਂ।"[6] ਜਦੋਂ ਵੱਖ ਵੱਖ ਸੰਸਕਰਣਾਂ ਦੀ ਤੁਲਨਾ ਕੀਤੀ ਜਾਂਦੀ ਹੈ ਤਾਂ ਇਬਰਾਨੀ ਸ਼ਬਦਾਂ ਦੁਆਰਾ ਦਰਸਾਏ ਗਏ ਪੱਥਰਾਂ ਦੀ ਪਹਿਚਾਣ ਕਰਨ ਦੀ ਸਮੱਸਿਆ ਸਪੱਸ਼ਟ ਹੁੰਦੀ ਹੈ। ਇੱਥੋਂ ਤੱਕ ਕਿ ਪਾਠਕਾਂ ਨੇ ਇਨ੍ਹਾਂ ਬਾਰ੍ਹਾਂ ਪੱਥਰਾਂ ਦੀ ਤੁਲਨਾ ਪਰਕਾਸ਼ ਦੀ ਪੋਥੀ 21:19, 20 ਵਿਚਲੇ ਨਵੇਂ ਯਰੂਸ਼ਲਮ ਸ਼ਹਿਰ ਦੀ ਕੰਧ ਦੇ ਬਾਰ੍ਹਾਂ ਨੀਂਹ ਪੱਥਰਾਂ ਦੇ ਨਾਲ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਪਰ, ਅੰਗ੍ਰੇਜ਼ੀ ਦੇ ਸੰਸਕਰਣਾਂ ਵਿਚ, ਸੂਚੀ ਪੂਰੀ ਤਰ੍ਹਾਂ ਦੇ ਨਾਲ ਮੇਲ ਨਹੀਂ ਖਾਂਦੀ ਹੈ: ਦੋ ਸੂਚੀਆਂ ਵਿਚ ਸੱਤ ਪੱਥਰ ਸਮਾਨ ਹਨ, ਪਰ ਪੰਜ ਵੱਖਰੇ ਹਨ।

**ਆਇਤ 21.** ਇਹ **ਪੱਥਰ ਇਸਰਾਏਲ ਦੇ ਪੁੱਤ੍ਰਾਂ ਦੇ ਨਾਮਾਂ** ਦੇ ਨਾਲ ਉੱਕਰੇ ਜਾਣੇ ਸਨ, ਅਰਥਾਤ, **ਬਾਰਾਂ ਗੋਤਾਂ** ਦੇ ਨਾਲ। ਉਤਪਤ 49:28 ਯਾਕੂਬ ਦੇ ਬਾਰਾਂ ਪੁੱਤਰਾਂ ਦਾ ਵਰਣਨ ਇਸਰਾਏਲ ਦੇ "ਬਾਰਾਂ ਗੋਤਾਂ" ਦੇ ਰੂਪ ਵਿਚ ਕਰਦਾ ਹੈ। ਇਨ੍ਹਾਂ ਲੋਕਾਂ ਦੀ ਅੰਸ, ਜੋ ਮਿਸਰ ਤੋਂ ਕੂਚ ਦੇ ਵਿਚ ਸਨ ਅਤੇ ਜਿਨ੍ਹਾਂ ਨੇ ਸੀਨਈ ਦੀ ਯਾਤਰਾ ਕੀਤੀ, ਉਨ੍ਹਾਂ ਨੂੰ "ਗੋਤਾਂ" ਦੇ ਰੂਪ ਵਿਚ ਦਰਸਾਇਆ ਜਾਂਦਾ ਹੈ (24:4; 28:21; 39:14)। ਜਦੋਂ ਉਨ੍ਹਾਂ ਨੂੰ ਸੀਨਈ ਦੀ ਉਜਾੜ ਵਿਚ ਗਿਣਿਆ ਗਿਆ ਸੀ (ਗਿਣਤੀ 1) ਅਤੇ ਤੰਬੂ ਦੇ ਆਲੇ ਦੁਆਲੇ ਡੇਰਾ ਲਾਉਣ ਦੀਆਂ ਹਿਦਾਇਤਾਂ ਦਿੱਤੀਆਂ ਗਈਆਂ ਸਨ (ਗਿਣਤੀ 2), ਤਾਂ ਬਾਰਾਂ ਗੋਤਾਂ ਵਿਚ ਅਫ਼ਰਈਮ ਅਤੇ ਮਨੱਸ਼ਹ ਨੂੰ (ਉਨ੍ਹਾਂ ਦੇ ਪਿਤਾ ਯੂਸੁਫ਼, ਦੇ ਥਾਂ) ਸ਼ਾਮਲ ਕੀਤਾ ਗਿਆ ਅਤੇ ਲੇਵੀ ਨੂੰ (ਜਾਜਕਾਂ ਦੇ ਗੋਤ) ਦੇ ਰੂਪ ਵਿਚ ਵੱਖਰਾ ਰੱਖਿਆ ਗਿਆ।

**ਆਇਤਾਂ 22-28. ਸੋਨੇ ਦੇ ਕੜੇ** (ਕੜਿਆਂ) ਅਤੇ **ਜੰਜੀਰੀਆਂ** ਦੀ ਇੱਕ ਪ੍ਰਣਾਲੀ ਦਾ ਨਿਰਮਾਣ ਹੋਣਾ ਸੀ। ਉਨ੍ਹਾਂ ਨੇ **ਸੀਨੇ ਬੰਦ** ਨੂੰ **ਏਫ਼ੋਦ** ਨਾਲ ਬੰਨਣਾ ਸੀ, ਤਾਂ ਕਿ **ਸੀਨਾ ਬੰਦ ਏਫੋਦ ਦੇ ਉੱਤੋਂ ਨਾ ਖੁਲ੍ਹੇ**। ਇੱਥੇ ਦਿੱਤੀਆਂ ਗਈਆਂ ਹਿਦਾਇਤਾਂ ਵਿਆਪਕ ਅਤੇ ਗੁੰਝਲਦਾਰ ਹਨ; ਅੱਜ ਕਿਸੇ ਦੇ ਲਈ ਸੀਨਾ ਬੰਦ ਨੂੰ ਦੁਬਾਰਾ ਬਣਾਉਣ ਵਿਚ ਉਨ੍ਹਾਂ ਦਾ ਉਪਯੋਗ ਕਰਨਾ ਮੁਸ਼ਕਲ ਲੱਗਦਾ ਹੋਵੇਗਾ। ਪਰ, ਪਹਿਲੇ ਪਾਠਕ ਸ਼ਾਇਦ ਮਹਾਂ ਜਾਜਕ ਦੇ ਬਸਤਰਾਂ ਤੋਂ ਬਹੁਤ ਹੀ ਚੰਗੀ ਤਰ੍ਹਾਂ ਦੇ ਨਾਲ ਜਾਣੂ ਸਨ ਅਤੇ ਇਸ ਲਈ ਇਨ੍ਹਾਂ ਹਿਦਾਇਤਾਂ ਨੂੰ ਉਨ੍ਹਾਂ ਨੇ ਚੰਗੀ ਤਰ੍ਹਾਂ ਨਾਲ ਸਮਝ ਲਿਆ ਹੋਵੇਗਾ। ਡਰਹਮ ਨੇ ਕਿਹਾ ਕਿ "ਦੁਹਰਾਉ ਅਤੇ ਸੰਖੇਪਪਣ ਇਸ ਗੱਲ ਦਾ ਸੰਕੇਤ ਦਿੰਦੇ ਹਨ ਕਿ ਇਹ ਹਿਦਾਇਤਾਂ ਉਨ੍ਹਾਂ ਲੋਕਾਂ ਦੇ ਲਈ ਨਿਰਧਾਰਤ ਕੀਤੀਆਂ ਗਈਆਂ ਸਨ ਜੋ ਇਹ ਜਾਣਦੇ ਸਨ ਕਿ ਇਸ ਦਾ ਵਰਣਨ ਕੀਤਾ ਜਾ ਰਿਹਾ ਸੀ।"[7]

**ਆਇਤ 29.** ਇਹ ਵਸਤੂ **ਨਿਆਉਂ ਦੇ ਸੀਨੇ ਬੰਦ** ਸੀ - ਸ਼ੁਰੂ ਵਿਚ ਅਤੇ ਇਸ ਦੇ ਅੰਤ ਦੇ ਸਮੇਂ ਇੱਕ ਬਿਆਨ ਕੀਤਾ ਗਿਆ ਹੈ (28:15, 29)। "ਨਿਆਉਂ" (ਟ੍ਰਂਙ੍ਹ੍ਮ, *ਮਿਸ਼ਪਤ)* ਦੇ ਲਈ ਇਬਰਾਨੀ ਸ਼ਬਦ ਦਾ ਅਰਥ "ਫ਼ੈਸਲੇ ਲੈਣਾ"[8] ਜਾਪਦਾ ਹੈ ਅਤੇ ਸ਼ਾਇਦ ਇਹ ਉਸ ਭੂਮਿਕਾ ਦਾ ਉਲੇਖ ਕਰ ਸਕਦਾ ਹੈ ਜੋ ਸੀਨੇ ਬੰਦ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਵਿਚ ਅਦਾ ਕਰਦਾ ਹੈ, ਖਾਸ ਤੌਰ ਤੇ ਉਸ ਸਥਾਨ ਦੇ ਰੂਪ ਵਿਚ ਜਿੱਥੇ ਊਰੀਮ ਅਰ ਤੁੰਮੀਮ ਰੱਖੇ ਜਾਂਦੇ ਸਨ।

ਸੀਨਾ ਬੰਦ ਹੋਰ ਕੰਮ ਦੇ ਦੁਆਰਾ ਵੀ ਸੇਵਾ ਕਰਦਾ ਹੈ: ਕਿਉਂਕਿ ਇਸਰਾਏਲ ਦੇ ਪੁੱਤਰਾਂ ਦੇ

ਨਾਮ ਇਸ ਉੱਤੇ ਸਥਿਤ ਸਨ, ਇਸ ਲਈ ਮਹਾਂ ਜਾਜਕ ਨੇ **ਇਸਰਾਏਲ ਦੇ ਪੁੱਤ੍ਰਾਂ ਦੇ ਨਾਉਂ ... ਆਪਣੇ ਹਿਰਦੇ ਉੱਤੇ ਚੁੱਕੇ ਜਦ ਉਹ ਪਵਿੱਤ੍ਰ ਅਸਥਾਨ ਵਿਚ** [ਦਾਖਲ ਹੋਇਆ] **ਤਾਂ ਜੋ ਯਹੋਵਾਹ ਦੇ ਸਨਮੁਖ ਏਹ ਸਦਾ ਦੀ ਯਾਦਗੀਰੀ ਹੋਵੇ**। ਹੋਰਨਾਂ ਸ਼ਬਦਾਂ ਵਿਚ, ਹਰ ਵਾਰ ਜਦੋਂ ਮਹਾਂ ਜਾਜਕ ਪਵਿੱਤਰ ਅਸਥਾਨ ਵਿਚ ਦਾਖਲ ਹੁੰਦਾ ਸੀ, ਤਾਂ ਉਹ ਇਹ ਪ੍ਰਾਰਥਨਾ ਕਰਦੇ ਹੋਏ ਕਿ ਪਰਮੇਸ਼ੁਰ ਬਰਕਤਾਂ ਦੇ ਲਈ ਆਪਣੇ ਲੋਕਾਂ ਨੂੰ ਯਾਦ ਰੱਖੀਂ, ਉਹ ਸੰਪੂਰਣ ਇਸਰਾਏਲ ਨੂੰ ਪ੍ਰਭੂ ਦੇ ਸਨਮੁਖ ਲਿਆਉਂਦਾ ਸੀ। "ਗੋਤਾਂ ਨੂੰ ਯਹੋਵਾਹ ਦੇ ਸਾਹਮਣੇ ਚੁੱਕਣ" ਦਾ ਅਰਥ "ਉਨ੍ਹਾਂ ਦੇ ਪਾਪ ਨੂੰ ਚੁੱਕਣਾ" ਜਾਂ "ਪ੍ਰਾਰਥਨਾ ਵਿਚ ਉਨ੍ਹਾਂ ਲਈ ਵਿਚੋਲਗੀ"[9] ਕਰਨਾ ਹੋ ਸਕਦਾ ਹੈ।

**ਆਇਤ 30. ਊਰੀਮ** (אוּרִים, *ਊਰੀਮ)* ਅਤੇ **ਤੁੰਮੀਮ** (תֻּמִּים, *ਤੁੰਮੀਮ)* ਨੂੰ **ਸੀਨੇ ਬੰਦ ਵਿੱਚ** ਰੱਖਿਆ ਜਾਂ ਚੁੱਕਿਆ ਜਾਂਦਾ ਸੀ (ਲੇਵੀਆਂ 8:8)। ਇਨ੍ਹਾਂ ਦੋਵਾਂ ਲਿਪੀਅੰਤਰਣ ਸ਼ਬਦਾਂ ਦੇ ਵਿਸ਼ੇ ਵਿਚ, ਆਰ. ਐਲਨ ਕੋਲ ਨੇ ਕਿਹਾ,

> ਉਨ੍ਹਾਂ ਦੇ ਨਾਮਾਂ ਦਾ ਅਰਥ ਹੈ "ਜੋਤੀਆਂ" ਅਤੇ "ਪੂਰਣਤਾਵਾਂ" ਜਿਨ੍ਹਾਂ ਨੂੰ, ਜੇਕਰ ਸ਼ਾਬਦਿਕ ਤੌਰ ਤੇ ਲਿਆ ਜਾਵੇ, ਤਾਂ ਇਹ ਪਰਮੇਸ਼ੁਰ ਦੇ ਸੁਭਾਅ ਦਾ ਇੱਕ ਹਵਾਲਾ ਹੋ ਸਕਦਾ ਹੈ ਜਿਸ ਦੀ ਇੱਛਾ ਨੂੰ ਸ਼ਾਇਦ ਉਹ ਪਰਗਟ ਕਰਦੇ ਹਨ। ਪਰ ਉਨ੍ਹਾਂ ਦੀ ਵਰਤੋਂ "ਅਲਫਾ ਅਤੇ ਓਮੇਗਾ," ਸ਼ੁਰੂ ਅਤੇ ਅੰਤ (ਪਰਕਾਸ਼ ਦੀ ਪੋਥੀ 1:8), ਦੇ ਅਰਥ ਵਿਚ ਕੀਤੀ ਜਾ ਸਕਦੀ ਹੈ, ਕਿਉਂਕਿ ਸ਼ਬਦ ਕ੍ਰਮ ਅਨੁਸਾਰ ਇਬਰਾਨੀ ਵਰਣਮਾਲਾ ਦੇ ਪਹਿਲੇ ਅਤੇ ਆਖਰੀ ਸ਼ਬਦ ਤੋਂ ਸ਼ੁਰੂ ਹੁੰਦੇ ਹਨ [א, *ਆਲਫ਼;* ת, *ਤਵ* ]।[10]

"ਨਿਆਉਂ" ਜਾਂ ਫ਼ੈਸਲੇ ਲੈਣ ਦਾ ਨਾਲ ਉਨ੍ਹਾਂ ਦੀ ਤੁਲਨਾ ਕਰਨ ਦੇ ਦੁਆਰਾ, ਪਾਠ ਦਾ ਅਰਥ ਇਹ ਹੈ ਕਿ ਊਰੀਮ ਅਤੇ ਤੁੰਮੀਮ ਦਾ ਇੱਕ "ਅਲੌਕਿਕ" ਉਦੇਸ਼ ਸੀ: ਉਨ੍ਹਾਂ ਨੇ ਪਰਮੇਸ਼ੁਰ ਨੂੰ ਕੀਤੇ ਗਏ ਸਵਾਲਾਂ ਦੇ ਉੱਤਰਾਂ ਦਾ ਸੰਕੇਤ ਦਿੱਤਾ (ਗਿਣਤੀ 27:21; 1 ਸਮੂਏਲ 28:6) ਜਾਂ ਕਿਸੇ ਹੋਰ ਤਰੀਕੇ ਦੇ ਨਾਲ ਪਰਮੇਸ਼ੁਰ ਦੇ ਪਰਕਾਸ਼ਣ ਦੇ ਨਾਲ ਜੁੜੇ ਹੋਏ ਸਨ। ਵਾਲਟਰ ਸੀ. ਕੇਸਰ, ਜੂਨੀਅਰ, ਨੇ ਲਿਖਿਆ ਕਿ ਉਨ੍ਹਾਂ ਨੂੰ "ਮੁਸ਼ਕਲ ਦੇ ਸਮੇਂ ਵਿਚ ਪਰਮੇਸ਼ੁਰ ਦੀ ਇੱਛਾ ਨੂੰ ਨਿਰਧਾਰਤ ਕਰਨ ਦੇ ਲਈ ਇਸਤੇਮਾਲ ਕੀਤਾ ਜਾਂਦਾ ਸੀ।"[11] ਇਸ ਤੋਂ ਇਲਾਵਾ, ਉਨ੍ਹਾਂ ਨੂੰ ਚੁੱਕਣਾ ਇੱਕ ਨਿਸ਼ਾਨ ਹੁੰਦਾ ਸੀ ਕਿ ਇੱਕ ਮਨੁੱਖ ਸੱਚਮੁੱਚ ਮਹਾਂ ਜਾਜਕ ਸੀ (ਬਿਵਸਥਾ ਸਾਰ 33:8; ਅਜ਼ਰਾ 2:63; ਨਹਮਯਾਹ 7:65)।

ਇਨ੍ਹਾਂ ਤੱਥਾਂ ਤੋਂ ਪਰੇ, ਇਸ ਗੱਲ ਦੀ ਅਨਿਸ਼ਚਤਤਾ ਮੌਜੂਦ ਹੈ ਕਿ ਊਰੀਮ ਅਤੇ ਤੁੰਮੀਮ ਕੀ ਸਨ ਅਤੇ ਉਨ੍ਹਾਂ ਨੂੰ ਕਿਵੇਂ ਇਸਤੇਮਾਲ ਕੀਤਾ ਜਾਂਦਾ ਸੀ। ਬਾਈਬਲ ਦੇ ਜ਼ਿਆਦਾਤਰ ਵਿਦਿਆਰਥੀ ਸੋਚਦੇ ਹਨ ਕਿ ਉਹ "ਕਿਸਮਤ ਪਰਚੀਆਂ" ਵਾਂਗ ਦੋ ਪੱਥਰ ਸਨ ਜਿਨ੍ਹਾਂ ਨੂੰ ਬਾਈਬਲ ਦੇ ਸਮੇਂ ਵਿਚ ਸੁੱਟਿਆ ਜਾਂਦਾ ਸੀ (1 ਸਮੂਏਲ 14:41, 42; ਕਹਾਉਤਾਂ 16:33; ਮਰਕੁਸ 15:24; ਰਸੂਲਾਂ ਦੇ ਕਰਤੱਬ 1:26), ਜਾਂ ਪਾਸੇ ਦੀ ਇੱਕ ਜੋੜੀ ਦੇ ਵਾਂਗ ਸਨ। ਜਦੋਂ ਹੇਠਾਂ ਸੁੱਟੇ ਜਾਣ ਦੇ ਦੁਆਰਾ ਪੁੱਛਿਆ ਜਾਂਦਾ ਸੀ, ਜਾਂ ਉਸ ਥੈਲੇ ਵਿਚੋਂ ਕੱਢਿਆ ਜਾਂਦਾ ਸੀ ਜਿਸ ਵਿਚ ਉਸ ਨੂੰ ਰੱਖਿਆ ਜਾਂਦਾ ਸੀ, ਤਾਂ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਹਾਂ ਜਾਂ ਨਾਂ, ਜਾਂ ਨਿਰਪੱਖ ਉੱਤਰ ਦਿੰਦੇ ਸਨ। ਇਸ ਪ੍ਰਸੰਗ ਵਿਚ ਇਸਰਾਏਲੀਆਂ ਨੂੰ ਊਰੀਮ ਅਤੇ ਤੁੰਮੀਮ ਬਣਾਉਣ ਦੀਆਂ ਹਿਦਾਇਤਾਂ *ਨਹੀਂ* ਦਿੱਤੀਆਂ ਗਈਆਂ ਸਨ। ਇਹ ਤੱਥ ਦੱਸਦਾ ਹੈ ਕਿ ਉਹ ਪਹਿਲਾਂ ਤੋਂ ਹੀ ਹੋਂਦ ਵਿਚ ਸਨ ਅਤੇ ਇਸਤੇਮਾਲ ਕੀਤੇ ਜਾ ਰਹੇ ਸਨ।[12]

## ਚੋਗ਼ਾ (28:31-35)

**[31]ਤੂੰ ਏਫੋਦ ਦੇ ਚੋਗ਼ੇ ਨੂੰ ਸਾਰਾ ਨੀਲੇ ਰੰਗ ਦਾ ਬਣਾਈਂ। [32]ਅਤੇ ਉਹ ਦੇ ਵਿਚਕਾਰ ਉਸ ਦੇ ਸਿਰ ਲਈ ਛੇਕ ਹੋਵੇ ਅਤੇ ਛੇਕ ਦੇ ਚੁਫੇਰੇ ਇੱਕ ਉਣੀ ਹੋਈ ਕੋਰ ਹੋਵੇ ਸੰਜੋ ਦੇ ਛੇਕ ਵਰਗੀ ਤਾਂ ਜੋ ਉਹ ਨਾ ਪਾਟੇ। [33]ਤੂੰ ਉਸ ਦੇ ਪੱਲੇ ਦੇ ਘੇਰੇ ਉੱਤੇ ਨੀਲੇ, ਬੈਂਗਣੀ, ਅਤੇ ਕਿਰਮਚੀ ਰੰਗ ਦੇ ਅਨਾਰ ਬਣਾਈਂ ਅਤੇ ਉਨ੍ਹਾਂ ਦੇ ਵਿਚਕਾਰ ਆਲੇ ਦੁਆਲੇ ਸੋਨੇ ਦੇ ਘੁੰਗਰੂ ਪਾਵੀਂ। [34]ਅਰਥਾਤ ਸੋਨੇ ਦਾ ਘੁੰਗਰੂ ਅਤੇ ਇੱਕ ਅਨਾਰ ਚੋਗ਼ੇ ਦੇ ਪੱਲੇ ਦੇ ਘੇਰੇ ਉੱਤੇ ਹੋਣ। [35]ਉਹ ਹਾਰੂਨ ਉੱਤੇ ਉਪਾਸਨਾ ਲਈ ਹੋਵੇ ਅਤੇ ਉਨ੍ਹਾਂ ਦੀ ਅਵਾਜ਼ ਸੁਣਾਈ ਦੇਵੇ ਜਦ ਉਹ ਯਹੋਵਾਹ ਦੇ ਪਵਿੱਤ੍ਰ ਅਸਥਾਨ ਵਿੱਚ ਵੜੇ ਯਾ ਨਿੱਕਲੇ ਤਾਂ ਜੋ ਉਹ ਮਰ ਨਾ ਜਾਵੇ।**

**ਆਇਤਾਂ 31, 32.** ਮਹਾਂ ਜਾਜਕ ਦੇ ਦੁਆਰਾ **ਏਫ਼ੋਦ** ਦੇ ਹੇਠਾਂ ਪਹਿਨਿਆ ਜਾਣ ਵਾਲਾ **ਚੋਗ਼ਾ** ਨੀਲੇ ਰੰਗ ਦਾ ਬਣਾਇਆ ਜਾਂਦਾ ਸੀ। ਇਹ ਕੱਪੜੇ ਦੇ ਇੱਕੋ ਟੁਕੜੇ ਤੋਂ ਬਣਿਆ ਹੁੰਦਾ ਸੀ ਜੋ, ਸੀਣ ਤੋਂ ਬਿਨਾਂ ਹੁੰਦਾ ਸੀ, ਅਤੇ ਜਾਜਕ ਦੇ ਸਿਰ ਦੇ ਲਈ ਇਸ ਵਿਚ ਇੱਕ **ਛੇਕ** ਹੁੰਦਾ ਸੀ ਅਤੇ ਛੇਕ ਦੇ ਚੁਫੇਰੇ **ਇੱਕ ਉਣੀ ਹੋਈ ਕੋਰ** ਉਸ ਨੂੰ ਮਜ਼ਬੂਤ ਬਣਾਉਂਦੀ ਸੀ। ਬਾਹਾਂ ਦੇ ਲਈ ਕਿਸੇ ਵੀ ਛੇਕ ਦਾ ਉਲੇਖ ਨਹੀਂ ਕੀਤਾ ਗਿਆ ਹੈ, ਪਰ ਇਹ ਮੰਨਿਆ ਜਾਂਦਾ ਹੈ ਕਿ ਹੱਥਾਂ ਅਤੇ ਬਾਹਾਂ ਦੇ ਲਈ ਕੱਪੜੇ ਵਿਚ ਪੱਟੀਆਂ ਹੁੰਦੀਆਂ ਸਨ।[13] ਯੂਹੰਨਾ 19:23 ਵਿਚ ਹਵਾਲਾ ਦਿੱਤਾ ਗਿਆ ਹੈ ਕਿ ਯਿਸੂ ਦਾ ਚੋਗ਼ਾ ਬਿਨਾਂ ਸੀਤੇ ਉੱਪਰੋਂ ਸਾਰਾ ਬੁਣਿਆ ਹੋਇਆ ਸੀ, ਜੋ "ਮਸੀਹ ਦੇ ਮਹਾਂ-ਜਾਜਕ ਦੇ ਅਹੁਦੇ"[14] ਨੂੰ ਦਰਸਾਉਣ ਦਾ ਇੱਕ ਅਸਿੱਧਾ ਤਰੀਕਾ ਸੀ।

**ਆਇਤਾਂ 33-35.** ਉਸ ਦੇ **ਘੇਰੇ** ਨੂੰ ਅਨਾਰਾਂ ਅਤੇ ਘੁੰਗਰੂਆਂ ਨਾਲ ਆਲੇ-ਦੁਆਲੇ ਸਜਾਇਆ ਗਿਆ ਸੀ। ਇੱਕ "ਅਨਾਰ," ਇੱਕ ਛੋਟੇ ਬੂਟੇ ਦਾ ਲਾਲ ਫਲ, ਜਿਸ ਦਾ ਅਕਾਰ ਇੱਕ ਸੰਤਰੇ ਦੇ ਅਕਾਰ ਦੇ ਲਗਭਗ ਹੁੰਦਾ ਹੈ ਅਤੇ ਤਾਜ਼ਾ ਰਸ ਪੈਦਾ ਕਰਦਾ ਹੈ। ਪੁਰਾਣੇ ਨੇਮ ਵਿਚ ਅਨਾਰ ਦੇ ਕਈ ਪ੍ਰਤੀਕਾਤਮਕ ਅਰਥ ਹਨ।[15] ਜ਼ਿਆਦਾਤਰ ਲਿਖਤ ਦਾ ਮੰਨਣਾ ਹੈ ਕਿ ਮਹਾਂ ਜਾਜਕ ਦੇ ਪੱਲੇ ਦੇ ਘੇਰੇ ਉੱਤੇ ਅਨਾਰ ਉਣੇ ਹੋਏ ਸਨ, ਪਰ ਕੁੱਝ ਮੰਨਦੇ ਹਨ ਕਿ ਉਹ ਤਿੰਨ-ਆਯਾਮੀ ਪ੍ਰਤਿਨਿਧੀ ਸਨ ਜੋ ਘੇਰੇ ਉੱਤੇ ਲਟਕਾਏ ਗਏ ਸਨ, ਜਿਵੇਂ ਘੰਟੀਆਂ ਲਟਕਾਈਆਂ ਗਈਆਂ ਸਨ। ਜਦੋਂ **ਹਾਰੂਨ** ਅੰਦਰ ਉਪਾਸਨਾ ਕਰੇ ਤਾਂ ਡੇਹਰੇ ਦੇ ਬਾਹਰ ਘੁੰਗਰੂਆਂ ਦੀ **ਅਵਾਜ਼** ਸੁਣਾਈ ਦੇਵੇ; ਅਸਲ ਵਿਚ, ਇਹ ਸੁਣਾਈ ਦੇਣੀ ਚਾਹੀਦੀ ਸੀ **ਤਾਂ ਜੋ** ਹਾਰੂਨ **ਮਰ ਨਾ ਜਾਵੇ।**

ਇਹ ਦੱਸ ਸਕਣਾ ਮੁਸ਼ਕਲ ਹੈ ਕਿ ਮਹਾਂ ਜਾਜਕ ਦੇ ਜ਼ਿੰਦਾ ਰਹਿਣ ਜਾਂ ਮਰ ਜਾਣ ਦੇ ਨਾਲ ਘੁੰਗਰੂਆਂ ਦਾ ਕੀ ਸੰਬੰਧ ਸੀ। ਭਾਵੇਂ ਲੋਕ ਉਸ ਨੂੰ ਵੇਖ ਨਹੀਂ ਸਕਦੇ ਸਨ ਪਰ, ਘੁੰਗਰੂਆਂ ਦਾ ਇੱਕ ਉਦੇਸ਼ ਸੀ ਕਿ ਉਨ੍ਹਾਂ ਦੀ ਅਵਾਜ਼ ਨੂੰ ਸੁਣ ਕੇ ਲੋਕ ਉਸ ਦੀਆਂ ਗਤੀਵਿਧੀਆਂ ਨੂੰ ਸਮਝ ਸਕਦੇ ਸਨ। ਇਹ ਅਵਾਜ਼ ਇੱਕ ਚਿੰਨ੍ਹ ਸੀ ਕਿ ਪਰਮੇਸ਼ੁਰ ਨੇ ਲੋਕਾਂ ਦੇ ਪਾਪਾਂ ਦੇ ਲਈ ਮਹਾਂ ਜਾਜਕ ਵੱਲੋਂ ਚੜ੍ਹਾਈ ਗਈ ਭੇਂਟ ਨੂੰ ਸਵੀਕਾਰ ਕਰ ਲਿਆ ਸੀ ਅਤੇ ਉਨ੍ਹਾਂ ਨੂੰ ਮਾਫ਼ੀ ਦਾ ਭਰੋਸਾ ਦਿੱਤਾ ਜਾਵੇਗਾ। ਨਤੀਜੇ ਵਜੋਂ, "ਜਦੋਂ ਜਾਜਕ ਡੇਹਰੇ ਵਿਚੋਂ ਬਾਹਰ ਆਉਂਦਾ ਸੀ ਤਾਂ ਘੁੰਗਰੂਆਂ ਦੀ ਅਵਾਜ਼ ਬਹੁਤ ਹੀ ਮਹਾਨ ਅਨੰਦ ਪ੍ਰਦਾਨ ਕਰਦੀ ਸੀ ਕਿਉਂਕਿ ਪ੍ਰਾਸਚਿਤ ਸੰਪੂਰਣ ਹੋ ਗਿਆਸੀ।"[16] ਜੇਕਰ ਘੁੰਗਰੂਆਂ ਦਾ ਅਵਾਜ਼ ਸੁਣੀ ਨਾ ਜਾ ਸਕਦੀ, ਤਾਂ ਲੋਕ ਮੰਨ ਲੈਂਦੇ ਸਨ ਸਨ ਕਿ ਮਹਾਂ ਜਾਜਕ ਨੇ ਕੁੱਝ ਗਲਤੀ ਕਰ ਦਿੱਤੀ ਸੀ, ਜਾਂ ਕਿਸੇ ਹੋਰ ਕਾਰਣ ਪਰਮੇਸ਼ੁਰ ਨੇ ਉਨ੍ਹਾਂ ਦੇ ਲਈ ਕੀਤੀ ਗਈ ਵਿਚੋਲਗੀ ਨੂੰ ਸਵੀਕਾਰ ਨਹੀਂ ਕੀਤਾ ਸੀ, ਅਤੇ ਇਸੇ ਲਈ ਮਹਾਂ ਜਾਜਕ, ਲੋਕਾਂ ਨੂੰ ਉਨ੍ਹਾਂ ਦੇ ਪਾਪਾਂ ਵਿਚ ਛੱਡ ਕੇ ਮਰ ਗਿਆ ਸੀ। ਹੋਰ ਸੰਭਾਵਨਾ ਇਹ ਹੈ ਕਿ "ਮੌਤ ਦੇ ਵਿਸ਼ੇ ਵਿਚ ਚੇਤਾਵਨੀ ਸਿਰਫ ਘੁੰਗਰੂਆਂ ਦੇ ਨਾਲ ਹੀ ਨਹੀਂ ਸਗੋਂ ਜਾਜਕ ਦੇ ਰੀਤਿ ਰਿਵਾਜ਼ਾਂ ਦੀਆਂ ਸਖ਼ਤ ਮੰਗਾਂ ਸੰਬੰਧਤ ਹੈ।"[17]

# ਖ਼ਾਲਸ ਸੋਨੇ ਦਾ ਚਮਕੀਲਾ ਪੱਤ੍ਰਾ, ਕੁੜਤਾ, ਅਮਾਮਾ, ਅਤੇ ਪੇਟੀ (28:36-39)

**[36]ਤੂੰ ਖ਼ਾਲਸ ਸੋਨੇ ਦਾ ਇੱਕ ਚਮਕੀਲਾ ਪੱਤ੍ਰਾ ਬਣਾਈਂ ਅਤੇ ਉਹ ਦੇ ਉੱਤੇ ਛਾਪ ਦੀ ਉਕਰਾਈ ਵਰਗਾ ਏਹ ਉੱਕਰੀਂ ਯਹੋਵਾਹ ਲਈ ਪਵਿੱਤਰ। [37]ਤੂੰ ਉਹ ਦੇ ਵਿੱਚ ਨੀਲੀ ਡੋਰ ਪਾਵੀਂ ਅਤੇ ਉਹ ਅਮਾਮੇ ਉੱਤੇ ਹੋਵੇ ਅਰਥਾਤ ਅਮਾਮੇ ਦੇ ਅਗਲੇ ਪਾਸੇ ਉੱਤੇ। [38]ਐਉਂ ਉਹ ਹਾਰੂਨ ਦੇ ਮਸਤਕ ਉੱਤੇ ਹੋਵੇ ਤਾਂ ਜੋ ਹਾਰੂਨ ਪਵਿੱਤ੍ਰ ਵਸਤਾਂ ਦੇ ਦੋਸ਼ ਨੂੰ ਚੁੱਕੇ ਜਿਹੜੀਆਂ ਇਸਾਏਲੀ ਪਵਿੱਤ੍ਰ ਕਰਨ ਅਰਥਾਤ ਉਨ੍ਹਾਂ ਦੇ ਸਾਰੇ ਪਵਿੱਤ੍ਰ ਪੁਨ ਦਾਨ, ਅਤੇ ਉਹ ਉਸ ਦੇ ਮਸਤਕ ਉੱਤੇ ਸਦਾ ਲਈ ਹੋਵੇ ਤਾਂ ਜੋ ਯਹੋਵਾਹ ਦੇ ਸਨਮੁਖ ਉਨ੍ਹਾਂ ਦੀ ਮਨਜ਼ੂਰੀ ਹੋਵੇ। [39]ਤੂੰ ਮਹੀਨ ਕਤਾਨ ਦਾ ਕੁੜਤਾ ਕੱਢੀਂ ਅਰ ਤੂੰ ਮਹੀਨ ਕਤਾਨ ਦਾ ਅਮਾਮਾ ਬਣਾਈਂ ਅਤੇ ਇੱਕ ਪੇਟੀ ਕਸੀਦੇਕਾਰ ਦੇ ਕੰਮ ਦੀ ਬਣਾਈਂ।**

**ਆਇਤ 36.** ਹਾਰੂਨ ਦੇ ਕੱਪੜਿਆਂ ਨੂੰ ਪੂਰਾ ਕਰਨ ਦੇ ਲਈ ਚਾਰ ਵਸਤੂਆਂ ਜ਼ਰੂਰੀ ਸਨ - **ਖ਼ਾਲਸ ਸੋਨੇ ਦਾ ਇੱਕ ਚਮਕੀਲਾ ਪੱਤ੍ਰਾ**, ਉਸ ਦੇ ਉੱਤੇ ਪਾਉਣ ਲਈ "ਅਮਾਮਾ" (28:37, 38), "ਕੁੜਤਾ" ਅਤੇ "ਪੇਟੀ" (28:39)। ਸ਼ਬਦ ਜਿਸਦਾ ਅਨੁਵਾਦ "ਪੱਤ੍ਰਾ" (צִיץ, *ਟਸਿਟਸ)* ਕੀਤਾ ਗਿਆ ਹੈ ਉਸ ਦਾ ਅਰਥ "ਫੁੱਲ"[18] ਹੈ। NRSV ਇਸ ਦਾ ਅਨੁਵਾਦ "ਰੋਸੈੱਟ," ਜਦਕਿ REB ਇਸ ਦਾ ਅਨੁਵਾਦ "ਮੇਡਾਲਿਅਨ" ਅਤੇ NJB ਵਿਚ "ਫੁੱਲ" ਕੀਤਾ ਗਿਆ ਹੈ। ਸ਼ਾਇਦ, ਇਹ ਫੁੱਲ ਦੇ ਅਕਾਰ ਦਾ ਇੱਕ ਸੋਨੇ ਦਾ ਪਟਕਾ ਹੁੰਦਾ ਸੀ, ਜਿਸ ਦੇ ਉੱਤੇ "**ਯਹੋਵਾਹ ਲਈ ਪਵਿੱਤਰ**" ਉੱਕਰਿਆ ਹੁੰਦਾ ਸੀ। ਮਹਾਂ ਜਾਜਕ ਅਤੇ ਉਸ ਦੇ ਦੁਆਰਾ ਪ੍ਰਤਿਨਿਧੀਤੱਵ ਕਰਨ ਵਾਲੇ ਲੋਕਾਂ ਦੋਨਾਂ ਨੂੰ "ਵੱਖੋ ਵੱਖਰਾ" ਸੈੱਟ ਕਰਣਗੀਆਂ।

**ਆਇਤ 37.** ਪਲੇਟ ਨੂੰ ਮਹਾਂ ਜਾਜਕ ਦੇ **ਅਮਾਮੇ** ਨਾਲ ਜੋੜਿਆ ਜਾਂਦਾ ਸੀ ਜਿਸ ਨੂੰ 39:30 ਵਿਚ "ਪਵਿੱਤਰ ਮੁਕਟ" ਜਾਂ "ਪਵਿੱਤਰ ਤਾਜ" ਦੇ ਰੂਪ ਵਿਚ ਪਛਾਣਿਆ ਜਾਂਦਾ ਸੀ (NIV)।

**ਆਇਤ 38.** ਸੋਨੇ ਦੇ ਪੱਤ੍ਰੇ ਨੂੰ ਇਸ ਦੇ ਸ਼ਿਲਾਲੇਖ ਨਾਲ ਪਹਿਨਣ ਦੇ ਦੁਆਰਾ **ਹਾਰੂਨ** ਨੂੰ ਮਹਾਂ ਜਾਜਕ ਦੇ ਰੂਪ ਵਿਚ ਪਛਾਣਿਆ ਗਿਆ। ਇਸ ਤਰ੍ਹਾਂ, ਉਸ ਦੇ ਕੋਲ ਲੋਕਾਂ ਦੀ ਵਿਚੋਲਗੀ ਕਰਨ ਅਤੇ **ਪਵਿੱਤ੍ਰ ਵਸਤਾਂ ਦੇ ਦੋਸ਼ ਨੂੰ ਚੁੱਕ (ਚੁੱਕਣ)** ਦਾ ਵਿਸ਼ੇਸ਼ ਅਧਿਕਾਰ ਅਤੇ ਜ਼ਿੰਮੇਵਾਰੀ ਸੀ, ਜਿਸ ਵਿਚ ਪਰਮੇਸ਼ੁਰ ਦੇ ਪਵਿੱਤਰ ਲੋਕਾਂ ਦੀ ਅਧਾਰਮਿਕਤਾ ਵੀ ਸ਼ਾਮਲ ਸੀ। ਜਿਵੇਂ ਕਿ ਪਹਿਲਾਂ ਆਇਤ 35 ਵਿਚ ਸੰਕੇਤ ਦਿੱਤਾ ਗਿਆ ਸੀ, ਹਾਰੂਨ ਨੂੰ ਕੌਮ ਦੇ ਪਾਪਾਂ ਦੇ ਪਰਾਸਚਿਤ ਦੇ ਲਈ ਉਚਿਤ ਬਸਤਰ ਪਹਿਨਣੇ ਸਨ।

**ਆਇਤ 39.** **ਕੁੜਤਾ** ਇੱਕ ਤੰਗ ਬਸਤਰ ਸੀ ਜੋ ਚੋਗ਼ੇ ਤੋਂ ਲੰਬਾ ਹੁੰਦਾ ਸੀ ਅਤੇ ਇਸ ਦੇ ਥੱਲੇ ਪਹਿਨਿਆ ਜਾਂਦਾ ਸੀ। ਕੇਸਰ ਨੇ ਇਸ ਦਾ ਵਰਣਨ "ਇੱਕ ਸਫ਼ੈਦ ਕਤਾਨ ਦੇ ਕੋਟ ਦੇ ਰੂਪ ਵਿਚ ਕੀਤਾ ਜਿਸ ਨੂੰ ਕੱਛ ਜਾਂ ਕਛਾਰੇ ਦੇ ਉੱਪਰੋਂ ਦੀ ਪਹਿਨਿਆ ਜਾਂਦਾ ਸੀ (ਆਇਤ 42), ਜੋ ਗਿੱਟਿਆਂ ਤੱਕ ਪਹੁੰਚਦਾ ਅਤੇ ਚੰਗੀ ਤਰ੍ਹਾਂ ਬੰਦ ਕੀਤਾ ਜਾਂਦਾ ਸੀ।"[19] ਜੋਸੇਫ਼ਸ ਨੇ ਕਿਹਾ ਕਿ ਇਹ ਕਤਾਨੀ ਕੁੜਤਾ ਪੈਰਾਂ ਤੱਕ ਪਹੁੰਚਦਾ, ਸਰੀਰ ਦੇ ਨਾਲ ਜੁੜਿਆ ਹੋਇਆ ਸੀ, ਅਤੇ ਇਸ ਦੀਆਂ ਸਲਿਟਾਂ ਸਨ ਜੋ ਬਾਹਾਂ ਨਾਲ ਜੁੜੀਆਂ ਹੋਈਆਂ ਸਨ। ਇਸ ਨੂੰ "ਪੇਟੀ ਦੇ ਨਾਲ ਛਾਤੀ ਦੇ ਉੱਪਰ ਕੋਹਣੀਆਂ ਤੋਂ ਥੋੜਾ ਉੱਪਰ ਦਬਾਇਆ ਜਾਂਦਾ ਸੀ ... ਇਹ ਇੰਨੀ ਬਾਰੀਕੀ ਦੇ ਨਾਲ ਬੁਣਿਆ ਹੋਇਆ ਹੁੰਦਾ ਸੀ ਕਿ ਤੁਸੀਂ ਸੋਚੋਗੇ ਕਿ ਇਹ ਨਾਗ ਦੀ ਖੱਲ ਦੇ ਵਰਗਾ ਸੀ।"[20] ਮਹਾਂ ਜਾਜਕ ਦਾ ਕੁੜਤਾ ਹੋਰਨਾਂ ਜਾਜਕਾਂ ਤੋਂ ਵੱਖਰਾ ਹੁੰਦਾ ਸੀ। ਭਾਵੇਂ ਸਾਰੇ ਕੁੜਤੇ **ਮਹੀਨ ਕਤਾਨ** ਦੇ ਬਣਾਏ ਜਾਂਦੇ ਸਨ, ਪਰ ਮਹਾਂ ਜਾਜਕ ਦੇ ਕੁੜਤੇ ਤੇ **ਕਸੀਦੇਕਾਰ** (ਦਾ) **ਕੰਮ** ਹੋਇਆ ਹੁੰਦਾ ਸੀ ਜਦਕਿ ਦੂਸਰੇ ਸਾਦੇ ਹੁੰਦੇ ਸਨ।

**ਪੇਟੀ** ਕਮਰ ਦੇ ਚਾਰ-ਚੁਫੇਰੇ ਪਹਿਨੀ ਜਾਣ ਵਾਲੀ ਸਜਾਵਟੀ ਬੈਲਟ ਦੇ ਵਾਂਗ ਸੀ। ਜਿਸ

ਸਮੱਗਰੀ ਦਾ ਇਸ ਨੂੰ ਬਣਾਇਆ ਜਾਣਾ ਸੀ ਉਸ ਨੂੰ ਸਪੱਸ਼ਟ ਨਹੀਂ ਕੀਤਾ ਗਿਆ ਹੈ। ਸਭ ਤੋਂ ਵੱਧ ਸੰਭਾਵਨਾ ਇਹ ਹੈ, ਕਿ ਮਹਾਂ ਜਾਜਕ ਦੀ ਪੇਟੀ ਨੂੰ ਬਣਾਉਣ ਵਿਚ ਉਸੇ ਪ੍ਰਕਾਰ ਦੀ ਸਮੱਗਰੀ ਇਸਤੇਮਾਲ ਕੀਤੀ ਗਈ ਸੀ ਜਿਸ ਪ੍ਰਕਾਰ ਦੀ ਡੇਹਰੇ ਦੇ ਪਰਦਿਆਂ ਵਿਚ ਕੀਤੀ ਗਈ ਸੀ।

ਮਹਾਂ ਜਾਜਕਾਂ ਅਤੇ ਜਾਜਕਾਂ ਦੀਆਂ ਵਰਦੀਆਂ ਵਿਚ ਫ਼ਰਕ ਇਹੋ ਸੀ ਕਿ ਮਹਾਂ ਜਾਜਕ ਦੇ ਕੱਪੜੇ ਵਧੇਰੇ ਚੰਗੀ ਤਰ੍ਹਾਂ ਨਾਲ ਬੁਣੇ ਹੋਏ ਹੁੰਦੇ ਸਨ: ਮਹਾਂ ਜਾਜਕ ਦੇ **ਕੱਢੇ ਹੋਏ ਕੁੜਤੇ** ਤੋਂ ਇਲਾਵਾ (28:4), ਉਸ ਦੇ ਕੋਲ **ਕਸੀਦੇਕਾਰ ਦੇ ਕੰਮ ਦੀ ਬਣਾਈਂ** ਇੱਕ ਪੇਟੀ ਸੀ, ਅਤੇ ਇੱਕ "ਟੋਪੀ" ਦੀ ਬਜਾਇ ਇੱਕ **ਅਮਾਮਾ** ਹੁੰਦਾ ਸੀ (28:40)। ਮਹਾਂ ਜਾਜਕ ਦੇ ਕੋਲ ਸਾਰੇ ਜਾਜਕਾਂ ਦੇ ਦੁਆਰਾ ਪਹਿਨੇ ਜਾਣ ਵਾਲੇ ਨਿਯਮਿਤ ਬਸਤਰ ਸਨ, ਅਤੇ ਉਹ ਅਮਾਮਾ, ਏਫ਼ੋਦ, ਸੀਨਾਬੰਦ, ਅਤੇ ਸੋਨੇ ਦਾ ਪੱਤ੍ਰਾ ਵੀ ਧਾਰਣ ਕਰਦਾ ਹੁੰਦਾ ਸੀ।

## ਕੁੜਤੇ, ਪੇਟੀਆਂ, ਸਾਫ਼ੇ, ਕਤਾਨ ਦੀ ਕੱਛ (28:40-43)

**40ਤੂੰ ਹਾਰੂਨ ਦੇ ਪੁੱਤ੍ਰਾਂ ਲਈ ਕੁੜਤੇ ਬਣਾਈਂ ਅਤੇ ਤੂੰ ਉਨ੍ਹਾਂ ਦੇ ਲਈ ਪੇਟੀਆਂ ਬਣਾਈਂ ਨਾਲੇ ਤੂੰ ਉਨ੍ਹਾਂ ਲਈ ਪਰਤਾਪ ਅਤੇ ਸੁਹੱਪਣ ਦੇ ਸਾਫ਼ੇ ਬਣਾਈਂ। 41ਅਰ ਤੂੰ ਆਪਣੇ ਭਰਾ ਹਾਰੂਨ ਅਤੇ ਉਹ ਦੇ ਨਾਲ ਉਹ ਦੇ ਪੁੱਤ੍ਰਾਂ ਨੂੰ ਏਹ ਪਵਾਈਂ ਅਤੇ ਤੂੰ ਉਨ੍ਹਾਂ ਨੂੰ ਮਸਹ ਕਰੀਂ ਅਤੇ ਉਨ੍ਹਾਂ ਨੂੰ ਥਾਪੀਂ ਅਤੇ ਉਨ੍ਹਾਂ ਨੂੰ ਪਵਿੱਤ੍ਰ ਕਰੀਂ ਤਾਂ ਜੋ ਓਹ ਮੇਰੇ ਲਈ ਜਾਜਕਾਈ ਦਾ ਕੰਮ ਕਰਨ। 42ਤੂੰ ਉਨ੍ਹਾਂ ਲਈ ਕਤਾਨ ਦੀ ਕੱਛ ਉਨ੍ਹਾਂ ਦੇ ਨੰਗੇਜ ਦੇ ਕੱਜਣ ਲਈ ਬਣਾਈਂ। ਉਹ ਲੱਕ ਤੋਂ ਪੱਟਾਂ ਤੀਕ ਹੋਵੇ। 43ਅਤੇ ਉਹ ਹਾਰੂਨ ਅਤੇ ਉਹ ਦੇ ਪੁੱਤ੍ਰਾਂ ਉੱਤੇ ਹੋਵੇ ਜਦ ਓਹ ਮੰਡਲੀ ਦੇ ਤੰਬੂ ਵਿੱਚ ਵੜਨ ਯਾ ਜਗਵੇਦੀ ਕੋਲ ਜਾਣ ਭਈ ਓਹ ਪਵਿੱਤ੍ਰ ਅਸਥਾਨ ਵਿੱਚ ਉਪਾਸਨਾ ਕਰਨ ਅਜੇਹਾ ਨਾ ਹੋਵੇ ਭਈ ਓਹ ਅਪਰਾਧੀ ਹੋਕੇ ਮਰਨ। ਏਹ ਉਹ ਦੇ ਲਈ ਅਤੇ ਉਹ ਦੇ ਪਿੱਛੋਂ ਉਹ ਦੀ ਅੰਸ ਲਈ ਸਦਾ ਦੀ ਬਿਧੀ ਹੋਵੇ।**

**ਆਇਤਾਂ 40-43.** ਜਾਜਕਾਈ ਬਸਤਰਾਂ ਨੂੰ ਬਣਾਉਣ ਦੀਆਂ ਹਿਦਾਇਤਾਂ ਉਨ੍ਹਾਂ ਕੱਪੜਿਆਂ ਨੂੰ ਬਣਾਉਣ ਦੇ ਦਿਸ਼ਾ-ਨਿਰਦੇਸ਼ਾਂ ਦੇ ਨਾਲ ਸਮਾਪਤ ਹੁੰਦੇ ਹਨ ਜੋ ਹੋਰ ਜਾਜਕ ਡੇਹਰੇ ਵਿਚ ਸੇਵਾ ਕਰਨ ਦੇ ਸਮੇਂ ਪਹਿਨਦੇ ਸਨ: **ਕੁੜਤੇ, ਪੇਟੀਆਂ, ਸਾਫ਼ੇ,** ਅਤੇ **ਕਤਾਨ ਦੇ ਕੱਛ।**

ਲਿਖਤ ਵਿਚ ਹੋਰਨਾਂ ਜਾਜਕਾਂ ਅਤੇ ਉਨ੍ਹਾਂ ਦੇ ਬਸਤਰਾਂ ਦੇ ਵਿਸ਼ੇ ਵਿਚ ਚਾਰ ਤੱਥ ਦੱਸੇ ਗਏ ਹਨ। (1) ਮਹਾਂ ਜਾਜਕ ਦੇ ਬਸਤਰਾਂ ਵਾਂਗ (28:2), ਭਾਵੇਂ ਉਨ੍ਹਾਂ ਵਿਚ ਕੋਈ ਸੋਨਾ, ਸੁਲੇਮਾਨੀ ਪੱਥਰ, ਜਾਂ ਸ਼ਾਨਦਾਰ ਰੰਗ ਨਹੀਂ ਹੁੰਦੇ ਸਨ, ਜਾਜਕਾਂ ਦੇ ਬਸਤਰ **ਪਰਤਾਪ** ਅਤੇ **ਸੁਹੱਪਣ** ਲਈ ਬਣਾਏ ਜਾਂਦੇ (28:40)। (2) ਜਾਜਕਾਂ ਦੇ ਦੁਆਰਾ ਪਹਿਨੇ ਜਾਣ ਵਾਲੇ ਇਹਨਾਂ ਬਸਤਰਾਂ ਦੇ ਦੁਆਰਾ ਉਨ੍ਹਾਂ ਨੂੰ ਉਨ੍ਹਾਂ ਦੇ **ਜਾਜਕਾਈ ਦਾ ਕੰਮ ਕਰਨ** ਦੇ ਸਮਰਪਣ ਦੇ ਨਾਲ ਗੂੜ੍ਹਤਾ ਦੇ ਨਾਲ ਜੋੜਿਆ ਗਿਆ ਸੀ (28:41; ਵੇਖੋ 40:13, 14)। (3) ਜਦੋਂ ਜਾਜਕ ਜਗਵੇਦੀ ਤੇ ਸੇਵਾ ਦਾ ਕੰਮ ਕਰਦੇ ਸਨ ਤਾਂ "ਕਤਾਨ ਦੀ ਕੱਛ" ਜੋ ਜਾਜਕਾਂ ਦੇ **ਨੰਗੇਜ** ਨੂੰ **ਕੱਜਣ** (ਕੱਜਦੀ) ਸੀ ਉਹ ਜ਼ਰੂਰੀ ਹੁੰਦੀ ਸੀ ਤਾਂ ਕਿ **ਅਜੇਹਾ ਨਾ ਹੋਵੇ ਭਈ ਓਹ ਅਪਰਾਧੀ ਹੋਕੇ ਮਰਨ** (ਮਰ ਜਾਣ) (28:42, 43)। ਮਹਾਂ ਜਾਜਕ ਦੇ ਵਾਂਗ, ਜਾਜਕ ਵੀ, ਅੱਤ ਜੋਖ਼ਿਮ ਵਾਲੇ ਕੰਮ ਵਿਚ ਸ਼ਾਮਲ ਸਨ। ਪਰਮੇਸ਼ੁਰ ਦੇ ਘਰ ਵਿਚ ਸੇਵਾ ਕਰਨ ਦੇ ਸਮੇਂ ਜੋ ਪਰਮੇਸ਼ੁਰ ਚਾਹੁੰਦਾ ਸੀ ਉਸ ਨੂੰ ਕਰਨ ਵਿਚ ਅਸਫਲ ਹੋਣਾ ਮੌਤ ਦੀ ਸਜ਼ਾ ਦੇ ਯੋਗ ਅਪਰਾਧ ਸੀ। (4) ਕਤਾਨ ਦੇ ਬਸਤਰ ਪਹਿਨਣ ਦੀ **ਵਿਧੀ** ਇੱਕ ਸਥਾਈ ਲੋੜ ਸੀ। ਅਸਲ ਵਿਚ, ਜਦੋਂ ਤੱਕ ਕਾਨੂੰਨ ਜਾਰੀ ਰਿਹਾ, ਜਾਜਕਾਂ ਦੇ ਸੰਬੰਧ ਵਿਚ ਸਾਰੇ ਕਾਨੂੰਨਾਂ ਦਾ ਪਾਲਣ ਕੀਤਾ ਜਾਣਾ ਜ਼ਰੂਰੀ ਸੀ।

# ਪ੍ਰਾਸੰਗਿਕਤਾ

**ਜਾਜਕਾਈ ਦਾ ਉਦੇਸ਼ (ਅਧਿਆਇ 28)**

ਕੂਚ 28 ਅਧਿਆਇ ਬਾਈਬਲ ਦੇ ਉਨ੍ਹਾਂ ਅਧਿਆਇਆਂ ਵਿਚੋਂ ਇੱਕ ਹੈ ਜਿਸ ਨੂੰ ਇਕ ਪਾਠਕ ਛੱਡਣਾ ਚਾਹ ਸਕਦਾ ਹੈ। ਇਹ ਦੱਸਦਾ ਹੈ ਕਿ ਜਾਜਕਾਂ ਦੇ ਬਸਤਰ ਕਿਵੇਂ ਬਣਾਏ ਜਾਂਦੇ ਸਨ। ਅਸੀਂ ਪੁੱਛ ਸੱਕਦੇ ਹਾਂ, "ਇਹ ਗੱਲ ਸਾਡੇ ਲਈ ਕਿਉਂ ਮਾਇਨੇ ਰੱਖਦੀ ਹੈ ਕਿ ਜਾਜਕ ਕਿਹੋ ਜਿਹੇ ਕੱਪੜੇ ਪਹਿਨਦੇ ਸਨ?" ਜਦਕਿ ਅੱਜ ਸਾਨੂੰ ਜਾਜਕਾਂ ਦੇ ਬਸਤਰ ਬਣਾਉਣ ਦੇ ਲਈ ਕੂਚ 28 ਅਧਿਆਇ ਦੀ ਲੋੜ ਨਹੀਂ ਹੈ, ਪਰ ਜਾਜਕ ਜੋ ਪਹਿਨਦੇ ਸਨ ਉਹ ਸਾਨੂੰ ਜਾਜਕਾਈ ਦੇ ਉਦੇਸ਼ ਦੇ ਵਿਸ਼ੇ ਵਿਚ ਕੁੱਝ ਸਿਖਾ ਸਕਦੇ ਹਨ। ਜਾਜਕਾਂ ਦੀ ਭੂਮਿਕਾ ਦੇ ਵਿਸ਼ੇ ਵਿਚ ਸਿੱਖਣ ਦੇ ਨਾਲ ਸਾਨੂੰ ਆਪਣੇ ਮਹਾਂ ਜਾਜਕ ਦੇ ਰੂਪ ਵਿਚ ਮਸੀਹ ਦੀ ਭੂਮਿਕਾ ਵਿਚ ਅਤੇ ਹਰੇਕ ਮਸੀਹੀ ਦੇ ਇੱਕ ਜਾਜਕ ਦੇ ਰੂਪ ਵਿਚ ਕੰਮ ਕਰਨ ਨੂੰ ਸਮਝਣ ਵਿਚ ਮਦਦ ਮਿਲਦੀ ਹੈ। ਇਕ ਜਾਜਕ ਦਾ ਕੀ ਉਦੇਸ਼ ਸੀ?

*ਜਾਜਕ ਨੇ ਪਰਮੇਸ਼ੁਰ ਦੇ ਬੰਦੇ ਨੂੰ ਦਰਸਾਉਂਦਾ ਹੈ।* ਜਾਜਕ ਨੇ ਮਨੁੱਖ ਅਤੇ ਪਰਮੇਸ਼ੁਰ ਦੇ ਵਿਚਕਾਰ ਵਿਚੋਲੇ ਦਾ ਕੰਮ ਕੀਤਾ। ਇਸ ਭੂਮਿਕਾ ਨੂੰ ਨਿਭਾਉਣ ਦੇ ਲਈ ਉਸ ਨੂੰ ਪਰਮੇਸ਼ੁਰ ਤੋਂ ਪਹਿਲਾਂ ਲੋਕਾਂ ਦੇ ਲਈ ਦਖਲਅੰਦਾਜ਼ੀ ਕਰਨ ਦੀ ਲੋੜ ਸੀ। ਜਾਜਕ ਨੇ ਲੋਕਾਂ ਦੇ ਬਲੀਦਾਨਾਂ ਨੂੰ ਲੈ ਕੇ ਪਰਮੇਸ਼ੁਰ ਦੇ ਸਾਹਮਣੇ ਪੇਸ਼ ਕੀਤਾ, ਡੇਹਰੇ ਦੀ ਬੰਦਗੀ ਦੀ ਅਗਵਾਈ ਕੀਤੀ, ਅਤੇ ਪ੍ਰਾਸਚਿਤ ਦੀਆਂ ਰਸਮਾਂ ਨੂੰ ਅੰਜ਼ਾਮ ਦਿੱਤਾ।

ਜਾਜਕ ਦੇ ਕੰਮ ਦੇ ਇਹ ਪਹਿਲੂ ਉਨ੍ਹਾਂ ਬਸਤਰਾਂ ਵਿਚ ਉਜਾਗਰ ਹੁੰਦੇ ਹਨ ਜੋ ਮਹਾਂ ਜਾਜਕ ਦੇ ਦੁਆਰਾ ਪਹਿਨੇ ਜਾਂਦੇ ਸਨ। ਇੱਕ ਮਹਾਂ ਜਾਜਕ ਦੀ ਵਰਦੀ ਦੀ ਪ੍ਰਮੁੱਖ ਵਿਸ਼ੇਸ਼ਤਾ ਇੱਕ ਏਫ਼ੋਦ ਸੀ - ਇੱਕ ਬਹੁਤ ਹੀ ਸੁੰਦਰਤਾ ਨਾਲ ਉਣਿਆ ਹੋਇਆ, ਰੰਗੀਨ ਵਾਸਕੇਟ ਜਾਂ ਐਪਰੋਨ ਵਰਗਾ ਕੱਪੜਾ ਜੋ ਉਸ ਦੇ ਚੋਗ਼ੇ ਦੇ ਉੱਤੇ ਪਾਇਆ ਜਾਂਦਾ ਸੀ। ਏਫ਼ੋਦ ਦੀ ਸਭ ਤੋਂ ਮਹੱਤਵਪੂਰਣ ਵਿਸ਼ੇਸ਼ਤਾ ਇੱਕ ਸੀਨਾਬੰਦ ਸੀ ਜਿਸ ਵਿਚ ਬਾਰਾਂ ਕੀਮਤੀ ਪੱਥਰ ਜੜੇ ਹੋਏ ਸਨ, ਹਰੇਕ ਪੱਥਰ ਦੇ ਉੱਤੇ "ਇਸਰਾਏਲ ਦੇ ਬਾਰ੍ਹਾਂ ਪੁੱਤਰਾਂ" ਵਿਚੋਂ ਹਰੇਕ ਦਾ ਨਾਮ ਉੱਕਰਿਆ ਹੋਇਆ ਸੀ। ਏਫ਼ੋਦ ਵਿਚ ਮੋਢਿਆਂ ਦੀਆਂ ਦੋ ਕਤਰਾਂ ਵੀ ਸਨ, ਜਿਨ੍ਹਾਂ ਉੱਤੇ ਦੋ ਸੁਲੇਮਾਨੀ ਪੱਥਰ ਜੜ੍ਹੇ ਗਏ ਸਨ। ਹਰ ਸੁਲੇਮਾਨੀ ਪੱਥਰ ਤੇ ਇਸਰਾਏਲ ਦੇ ਬਾਰਾਂ ਪੁੱਤਰਾਂ ਵਿਚੋਂ ਛੇ ਦੇ ਨਾਮ ਉੱਕਰੇ ਗਏ ਸਨ। ਜਦੋਂ ਮਹਾਂ ਜਾਜਕ ਲੋਕਾਂ ਦੇ ਪਰਾਸਚਿਤ ਦੇ ਲਈ ਮਹਾਂ ਪਵਿੱਤਰ ਸਥਾਨ ਵਿਚ ਜਾਂਦਾ ਸੀ, ਤਾਂ ਉਹ ਸੰਕੇਤਕ ਰੂਪ ਵਿਚ ਲੋਕਾਂ ਨੂੰ ਆਪਣੇ ਨਾਲ ਲੈ ਗਿਆ। ਉਹ ਪਰਮੇਸ਼ੁਰ ਦੇ ਸਾਹਮਣੇ ਲੋਕਾਂ ਦੇ ਪ੍ਰਤਿਨਿਧੀ ਦੇ ਰੂਪ ਵਿਚ ਆਪਣੀ ਭੂਮਿਕਾ ਦੀ ਨਿਰੰਤਰ ਯਾਦਗਾਰ ਨੂੰ ਪਹਿਨਦਾ ਹੁੰਦਾ ਸੀ।

ਅੱਜ, ਯਿਸੂ ਮਸੀਹੀਆਂ ਦਾ ਮਹਾਂ ਜਾਜਕ ਹੈ (ਇਬਰਾਨੀਆਂ 8:1)। ਉਹ ਪਰਮੇਸ਼ੁਰ ਦੇ ਸਾਹਮਣੇ ਸਾਡਾ ਪ੍ਰਤਿਨਿਧੀ ਹੈ (1 ਤਿਮੋਥਿਉਸ 2:5; 1 ਯੂਹੰਨਾ 2:1)। ਇਸਰਾਏਲ ਦੇ ਮਹਾਂ ਜਾਜਕ ਤੋਂ ਉਲਟ, ਜੋ ਸਾਲ ਵਿਚ ਇੱਕ ਵਾਰ ਅੱਤ ਪਵਿੱਤਰ ਸਥਾਨ ਵਿਚ ਪ੍ਰਵੇਸ਼ ਕਰਦਾ ਸੀ - ਉਸ ਨੇ ਸਾਡੇ ਮਹਾਂ ਜਾਜਕ ਦੇ ਰੂਪ ਵਿਚ, ਇੱਕੋ ਵਾਰ ਅੱਤ ਪਵਿੱਤਰ ਸਥਾਨ ਵਿਚ ਪ੍ਰਵੇਸ਼ ਕੀਤਾ। ਜਾਨਵਰਾਂ ਦੇ ਲਹੂ ਦੀ ਬਜਾਇ, ਮਸੀਹ ਨੇ ਸਾਡੇ ਪਾਪਾਂ ਦੇ ਪ੍ਰਾਸਚਿਤ ਦੇ ਲਈ ਆਪਣਾ ਲਹੂ ਆਪਣੇ ਨਾਲ ਲਿਆ (ਇਬਰਾਨੀਆਂ 9:25, 26)। ਜਾਨਵਰਾਂ ਦਾ ਲਹੂ ਪਾਪਾਂ ਨੂੰ ਦੂਰ ਨਹੀਂ ਕਰ ਸਕਦਾ ਹੈ (ਇਬਰਾਨੀਆਂ 10:4), ਪਰ ਮਸੀਹ ਦਾ ਲਹੂ ਕਰ ਸਕਦਾ ਹੈ ਅਤੇ ਉਸ ਨੇ ਕੀਤਾ। ਸਾਡੇ ਮਹਾਂ ਜਾਜਕ ਦੇ ਰੂਪ ਵਿਚ ਉਸ ਦਾ ਕੰਮ ਸਲੀਬ ਤੇ ਖਤਮ ਨਹੀਂ ਹੋਇਆ। ਉਹ ਨਿਰੰਤਰ ਸਾਡੇ ਲਈ ਵਿਚੋਲਗੀ ਕਰਦਾ ਹੈ (ਇਬਰਾਨੀਆਂ 7:25)। ਸਾਡੇ ਦਿਆਲੂ ਅਤੇ ਵਫ਼ਾਦਾਰ ਮਹਾਂ ਜਾਜਕ ਦੇ ਰੂਪ ਵਿਚ, ਉਹ ਸਾਡੀਆਂ ਕਮਜ਼ੋਰੀਆਂ ਵਿਚ ਸਾਡੇ ਨਾਲ ਹਮਦਰਦੀ ਕਰ ਸਕਦਾ ਹੈ

(ਇਬਰਾਨੀਆਂ 4:14-16)। ਹੁਣ, ਪਰਮੇਸ਼ੁਰ ਦੇ ਸੱਜੇ ਹੱਥ ਤੇ, ਯਿਸੂ, ਸਾਡੇ ਮਾਮਲੇ ਦੇ ਲਈ ਪਿਤਾ ਦੇ ਸਾਹਮਣੇ ਬੇਨਤੀ ਕਰ ਸਕਦਾ ਹੈ ਕਿਉਂਕਿ ਉਸ ਨੇ ਵੀ ਇੱਕ ਮਨੁੱਖੀ ਜੀਵਨ ਗੁਜ਼ਾਰਿਆ ਸੀ।

ਇਸ ਤੋਂ ਇਲਾਵਾ, ਉਹ ਜੋ ਮਸੀਹੀ ਹਨ ਉਹ ਜਾਜਕ ਹਨ (1 ਪਤਰਸ 2:9, 10)। ਕਲੀਸੀਆ ਵਿਚ "ਆਮ" ਮਸੀਹੀਆਂ ਤੋਂ ਵੱਖਰੀ ਕੋਈ ਜਾਜਕਾਈ ਸ਼੍ਰੇਣੀ ਨਹੀਂ ਹੈ; ਜਾਜਕ/ਆਮ ਜਨਤਾ ਦਾ ਕੋਈ ਭੇਦ ਭਾਵ ਨਹੀਂ ਹੈ। ਸਾਰੇ ਮਸੀਹੀ ਜਾਜਕ ਹਨ। "ਸਾਰੇ" ਵਿਚ ਸਾਰੀਆਂ ਕੌਮਾਂ ਅਤੇ ਨਸਲਾਂ ਦੇ "ਆਮ" ਮੈਂਬਰਾਂ ਦੇ ਨਾਲ ਨਾਲ ਇਸਤਰੀਆਂ ਦੇ ਨਾਲ ਨਾਲ ਪੁਰਖ, ਜਵਾਨ ਅਤੇ ਬੁੱਢੇ, ਪ੍ਰਚਾਰਕ, ਬਜ਼ੁਰਗ, ਅਤੇ ਡੀਕਨ ਸ਼ਾਮਲ ਹਨ। ਇਸਰਾਏਲ ਵਿਚ, ਇੱਕ ਜਾਜਕ ਬਣਨ ਦੇ ਲਈ ਕਿਸੇ ਵਿਅਕਤੀ ਨੂੰ ਇੱਕ ਵਿਸ਼ੇਸ਼ ਪਰਿਵਾਰ ਵਿਚ ਜਨਮ ਲੈਣਾ ਪੈਂਦਾ ਸੀ। ਹੁਣ ਅਸੀਂ ਪਰਮੇਸ਼ੁਰ ਦੇ ਪਰਿਵਾਰ ਵਿਚ ਨਵਾਂ ਜਨਮ ਪ੍ਰਾਪਤ ਕਰਨ ਦੇ ਦੁਆਰਾ ਜਾਜਕ ਬਣ ਸਕਦੇ ਹਾਂ। ਜਾਜਕ ਬਣਨ ਦਾ ਵਿਸ਼ੇਸ਼ ਅਧਿਕਾਰ ਹਰੇਕ ਦੇ ਕੋਲ ਹੈ।

ਜਾਜਕਾਂ ਦੇ ਵਾਂਗ, ਮਸੀਹੀਆਂ ਦੀ ਪਰਮੇਸ਼ੁਰ ਤੱਕ ਪਹੁੰਚ ਹੈ। ਅਸੀਂ ਪ੍ਰਾਰਥਨਾ ਕਰ ਸਕਦੇ ਹਾਂ। ਅਸੀਂ ਆਪਣਾ ਜੀਵਨ ਇਸ ਤਰ੍ਹਾਂ ਜੀਉਂਦੇ ਹਾਂ ਕਿ ਅਸੀਂ ਆਪਣੇ ਜੀਵਨਾਂ ਨੂੰ ਪਰਮੇਸ਼ੁਰ ਦੇ ਸਾਹਮਣੇ ਇੱਕ ਪਵਿੱਤਰ ਬਲੀਦਾਨ ਬਣਾ ਸਕੀਏ (12:1)। ਅਸੀਂ ਮਸੀਹ ਦੇ ਲਹੂ ਦੇ ਦੁਆਰਾ ਸ਼ੁੱਧ ਹੋ ਗਏ ਹਾਂ, ਪਰ ਅਸੀਂ "ਚਾਨਣ ਵਿਚ ਚੱਲਣ" ਦੇ ਦੁਆਰਾ ਉਸ ਦੇ ਲਹੂ ਉਚਿਤ ਠਹਿਰਾਉਂਦੇ ਹਾਂ (1 ਯੂਹੰਨਾ 1:7), ਜਿਸ ਵਿਚ ਪਾਪਾਂ ਤੋਂ ਪਛਚਾਤਾਪ ਕਰਨਾ ਅਤੇ ਉਨ੍ਹਾਂ ਨੂੰ ਮੰਨਣਾ ਸ਼ਾਮਲ ਹੈ (ਰਸੂਲਾਂ ਦੇ ਕਰਤੱਬ 8:22; 1 ਯੂਹੰਨਾ 1:9)। ਮਸੀਹ ਦੇ ਸਲੀਬ ਦੇ ਉੱਤੇ ਵਹਾਏ ਗਏ ਲਹੂ ਦੇ ਅਧਾਰ ਤੇ, ਅਸੀਂ ਕਿਸੇ ਹੋਰ ਮਨੁੱਖ ਦੀ ਸਹਾਇਤਾ ਤੋਂ ਬਿਨਾਂ ਪ੍ਰਾਸਚਿਤ ਕਰ ਸਕਦੇ ਹਾਂ।

ਕੀ ਇਸ ਦਾ ਅਰਥ ਇਹ ਹੈ ਕਿ ਮਸੀਹ ਦੀ ਕਲੀਸੀਆ ਵਿਚ ਜਾਜਕਾਂ ਦੀ ਕੋਈ ਹੋਰ ਭੂਮਿਕਾ ਨਹੀਂ ਹੈ? ਭਾਵੇਂ ਹਰ ਜਾਜਕ (ਮਸੀਹੀ) ਇਸਤਰੀ ਜਾਂ ਪੁਰਖ ਨੂੰ ਆਪਣੇ ਲਈ ਪਰਮੇਸ਼ੁਰ ਦੇ ਕੋਲ ਪਹੁੰਚਣ ਦਾ ਅਧਿਕਾਰ ਹੈ, ਹਰੇਕ ਨੂੰ ਦੂਜਿਆਂ ਦੇ ਵਾਸਤੇ ਪਰਮੇਸ਼ੁਰ ਦੇ ਕੋਲ ਆਉਣ ਦਾ ਵਿਸ਼ੇਸ਼ ਅਧਿਕਾਰ ਵੀ ਹੈ। ਸਾਨੂੰ "ਇੱਕ ਦੂਜੇ ਲਈ ਪ੍ਰਾਰਥਨਾ ਕਰਨ" ਲਈ ਕਿਹਾ ਗਿਆ ਹੈ (ਯਾਕੂਬ 5:16)। ਵਿਚੋਲਗੀ ਦੀ ਪ੍ਰਾਰਥਨਾ ਵਿਚ ਬਹੁਤ ਸਮੱਰਥ ਹੁੰਦੀ ਹੈ!

*ਜਾਜਕ ਮਨੁੱਖ ਦੇ ਸਾਹਮਣੇ ਪਰਮੇਸ਼ੁਰ ਦਾ ਪ੍ਰਤੀਨਿਧੀ ਹੁੰਦਾ ਹੈ।* ਜਾਜਕਾਈ ਬਸਤਰ ਵੀ ਪਰਮੇਸ਼ੁਰ ਦੇ ਨਾਲ ਜਾਜਕ ਦੇ ਕਰੀਬੀ ਰਿਸ਼ਤੇ ਦਾ ਸੰਕੇਤ ਦਿੰਦੇ ਹਨ। ਪਾਠ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਹਰੇਕ ਜਾਜਕ ਪਰਮੇਸ਼ੁਰ ਦਾ ਜਾਜਕ ਸੀ (28:3, 4, 41)। ਮਹਾਂ ਜਾਜਕ ਨੇ ਆਪਣੇ ਅਮਾਮੇ ਤੇ ਇੱਕ ਸੋਨੇ ਦਾ ਪੱਤ੍ਰਾ ਪਾਇਆ ਹੁੰਦਾ ਸੀ ਜੋ ਉਸ ਨੂੰ "ਯਹੋਵਾਹ ਲਈ ਪਵਿੱਤਰ" ਦੀ ਘੋਸ਼ਣਾ ਕਰਦਾ ਸੀ (28:36)। ਮਹਾਂ ਜਾਜਕ ਦੇ ਬਸਤਰ "ਪਰਤਾਪ ਅਤੇ ਸੁਹੱਪਣ" ਲਈ ਬਣਾਏ ਗਏ ਸਨ (28:2, 40), ਜੋ ਪ੍ਰਭੂ ਦੇ ਪਰਤਾਪ ਅਤੇ ਸੁਹੱਪਣ ਦੇ ਵਿਸ਼ੇ ਵਿਚ ਦੱਸਦੇ ਸਨ। ਸੀਨਾ ਬੰਦ ਵਿਚ "ਊਰੀਮ ਅਤੇ ਤੁੰਮੀਮ" ਸਨ (28:30), ਜਿਨ੍ਹਾਂ ਦੇ ਰਾਹੀਂ ਪਰਮੇਸ਼ੁਰ ਆਪਣੀ ਇੱਛਾ ਤੋਂ ਜਾਣੂ ਕਰਵਾਉਂਦਾ ਸੀ।

ਇਸਰਾਏਲ ਦੇ ਲੋਕ, ਪਰਮੇਸ਼ੁਰ ਦੇ ਜਾਜਕਾਈ ਦੇ ਲੋਕ (19:6), ਹੋਰਨਾਂ ਕੌਮਾਂ ਦੇ ਸਾਹਮਣੇ ਪਰਮੇਸ਼ੁਰ ਨੂੰ ਦਰਸਾਉਣ ਵਾਲੇ ਸਨ। ਇਸਰਾਏਲ ਦੇ ਦੁਆਰਾ, ਪਰਮੇਸ਼ੁਰ ਨੇ ਸਭ ਕੌਮਾਂ ਵਿਚ ਆਪਣੇ ਨਾਮ ਨੂੰ ਜਾਣੇ ਜਾਣ ਦਾ ਅਤੇ ਪਰਤਾਪਵਾਨ ਕਰਨ ਦਾ ਇਰਾਦਾ ਕੀਤਾ। ਇਸਰਾਏਲ ਨੇ "ਕੌਮਾਂ ਲਈ ਜੋਤ" ਠਹਿਰਣਾ ਸੀ (ਯਸਾਯਾਹ 49:6)।

ਸਾਡਾ ਮਹਾਂ ਜਾਜਕ, ਯਿਸੂ ਮਸੀਹ - ਜੋ ਦੇਹਧਾਰੀ ਪਰਮੇਸ਼ੁਰ ਹੈ - ਧਰਤੀ ਤੇ ਆਇਆ ਤਾਂਕਿ ਮਨੁੱਖ ਜਾਤੀ ਦੇ ਸਾਹਮਣੇ ਪਰਮੇਸ਼ੁਰ ਦਾ ਪ੍ਰਤੀਨਿਧੀ ਬਣੇ। ਉਸ ਨੂੰ ਜਾਣਨ ਦਾ ਅਰਥ ਪਿਤਾ ਨੂੰ ਜਾਣਨਾ ਹੈ (ਯੂਹੰਨਾ 14:6-9)। ਉਹ ਆਪਣੇ ਨਵੇਂ ਨੇਮ ਦੇ ਦੁਆਰਾ ਸਾਨੂੰ ਪਰਮੇਸ਼ੁਰ

ਦੀ ਇੱਛਾ ਤੋਂ ਜਾਣੂ ਕਰਵਾਉਂਦਾ ਹੈ।

ਪਰਮੇਸ਼ੁਰ ਦੇ ਜਾਜਕਾਈ ਲੋਕ ਹੋਣ ਦੇ ਨਾਤੇ, ਮਸੀਹੀਆਂ ਦੀ ਜ਼ਿੰਮੇਵਾਰੀ ਹੈ ਕਿ ਉਹ ਮਨੁੱਖਾਂ ਦੇ ਸਾਹਮਣੇ ਪਰਮੇਸ਼ੁਰ ਦਾ ਪ੍ਰਤੀਨਿਧੀ ਬਣਨ। ਅਸੀਂ "ਆਪਣੀ ਰੌਸ਼ਨੀ ਨੂੰ ਚਮਕਾਉਣ" ਦੇ ਦੁਆਰਾ ਅਤੇ ਇਸ ਇੰਜ਼ੀਲ ਦੇ ਬਿਰਤਾਂਤ ਦੀ ਘੋਸ਼ਣਾ ਕਰਨ ਦੇ ਦੁਆਰਾ ਕਿ ਸਾਡੇ ਮਹਾਂ ਜਾਜਕ ਨੇ ਸਾਰਿਆਂ ਨੂੰ ਮੁਕਤੀ (ਅਤੇ ਜਾਜਕਾਈ) ਉਪਲੱਬਧ ਕਰਵਾਈ ਹੈ (ਵੇਖੋ 1 ਪਤਰਸ 2:9, 10) ਆਪਣੀ ਜਾਜਕਾਈ ਜ਼ਿੰਮੇਵਾਰੀ ਨੂੰ ਨਿਭਾਉਂਦੇ ਹਾਂ।

*ਸਿੱਟਾ।* ਇੱਕ ਜਾਜਕ ਹੋਣ ਦਾ ਕੀ ਅਰਥ ਹੈ? ਜਾਜਕ ਹੋਣ ਦੇ ਨਾਤੇ, ਸਾਨੂੰ ਪਰਮੇਸ਼ੁਰ ਤੱਕ ਪਹੁੰਚ ਦਾ ਅਤੇ ਪਵਿੱਤਰ ਸਥਾਨ ਵਿਚ ਪ੍ਰਵੇਸ਼ ਕਰਨ ਦਾ ਅਧਿਕਾਰ ਹੈ। ਸਾਡੀਆਂ ਜ਼ਿੰਮੇਵਾਰੀਆਂ ਵੀ ਹਨ: ਦੂਸਰਿਆਂ ਲਈ ਪ੍ਰਾਰਥਨਾ ਕਰਨਾ, ਬੰਦਗੀ ਕਰਨਾ, ਅਤੇ ਪਰਮੇਸ਼ੁਰ ਦੇ ਪ੍ਰਤੀਨਿਧੀ ਹੋਣ ਦੇ ਲਈ ਆਪਣਿਆਂ ਕੰਮਾਂ ਅਤੇ ਸ਼ਬਦਾਂ ਦੇ ਦੁਆਰਾ ਉਸ ਦੀ ਇੱਛਾ ਨੂੰ ਸੰਸਾਰ ਦੇ ਉੱਤੇ ਪਰਗਟ ਕਰਨਾ।

### ਅੱਜ ਦੇ ਸਮੇਂ ਵਿਚ "ਜਾਜਕਾਈ ਬਸਤਰ" (ਅਧਿਆਇ 28)

ਪਰਮੇਸ਼ੁਰ ਨੂੰ ਇਸ ਗੱਲ ਨਾਲ ਮਤਲਬ ਸੀ ਕਿ ਪੁਰਾਣੇ ਨੇਮ ਦੇ ਸਮੇਂ ਵਿਚ ਉਸ ਦੇ ਜਾਜਕ ਕੀ ਪਹਿਨਦੇ ਸਨ। ਉਹ ਇਸ ਗੱਲ ਨਾਲ ਵੀ ਮਤਲਬ ਰੱਖਦਾ ਹੈ ਕਿ ਅੱਜ ਉਸ ਦੇ ਜਾਜਕ (ਮਸੀਹੀ) ਕੀ ਪਾਉਂਦੇ ਹਨ। ਸਾਨੂੰ ਕੀ ਪਹਿਨਣਾ ਚਾਹੀਦਾ ਹੈ? ਪਰਮੇਸ਼ੁਰ ਇੱਕ ਖਾਸ ਕਿਸਮ ਦੇ ਕੱਪੜੇ ਜਾਂ ਵਰਦੀ ਨੂੰ ਨਿਰਧਾਰਤ ਨਹੀਂ ਕਰਦਾ ਜੋ ਹਰੇਕ ਮਸੀਹੀ ਨੂੰ ਪਹਿਨਣੀ ਚਾਹੀਦੀ ਹੈ, ਪਰ ਉਹ ਇਸ ਗੱਲ ਨੂੰ ਨਿਰਧਾਰਤ ਕਰਦਾ ਹੈ ਕਿ ਸਾਨੂੰ ਆਤਮਿਕ ਤੌਰ ਤੇ ਕਿਵੇਂ ਕੱਪੜੇ ਪਹਿਨੇ ਹੋਏ ਹੋਣਾ ਚਾਹੀਦਾ ਹੈ। ਸਾਨੂੰ "[ਆਪਣੇ ਆਪ] ਨੂੰ ਮਸੀਹ ਨਾਲ ਢੱਕਣਾ" ਚਾਹੀਦਾ ਹੈ (ਗਲਾਤੀਆਂ 3:26, 27), ਅਤੇ ਸਾਨੂੰ ਇਸ ਤਰ੍ਹਾਂ ਜੀਉਣਾ ਚਾਹੀਦਾ ਹੈ (ਕੁਲੁੱਸੀਆਂ 3:1-17)।

### ਹਾਰੂਨ ਦੇ ਪੁੱਤਰਾਂ ਨੇ ਪਾਪ ਕੀਤਾ (28:1; ਲੇਵੀਆਂ 10:1, 2)

ਪੁਰਾਣੇ ਨੇਮ ਦੇ ਬਹੁਤ ਸਾਰੇ ਮਹਾਨ ਲੋਕਾਂ ਦੇ ਵਾਂਗ, ਹਾਰੂਨ ਦੇ ਵੀ ਅਜਿਹੇ ਬੱਚੇ ਸਨ ਜੋ ਪਰਮੇਸ਼ੁਰ ਦੇ ਪ੍ਰਤਿ ਬੇਵਫ਼ਾ ਸਨ; ਉਸ ਦੇ ਚਾਰਾਂ ਪੁੱਤਰਾਂ ਵਿਚੋਂ ਦੋ ਆਪਣੇ ਪਾਪ ਦੇ ਕਾਰਣ ਮਰ ਗਏ ਸਨ (28:1; ਲੇਵੀਆਂ 10:1, 2)। ਇੱਕ ਚੰਗਾ ਇਨਸਾਨ ਹੋਣਾ ਅਤੇ ਇੱਕ ਪਰਮੇਸ਼ੁਰ ਦਾ ਬੰਦਾ ਹੋਣਾ ਇਹ ਗਰੰਟੀ ਨਹੀਂ ਦਿੰਦਾ ਕਿ ਤੁਹਾਡੇ ਬੱਚੇ ਪਰਮੇਸ਼ੁਰ ਦੇ ਪ੍ਰਤਿ ਵਫ਼ਾਦਾਰ ਰਹਿਣਗੇ। ਪਰ, ਪਰਮੇਸ਼ੁਰ ਨੇ ਉਸ ਦੀ ਅਸਫਲਤਾ ਦੇ ਲਈ ਹਾਰੂਨ ਨੂੰ ਦੋਸ਼ ਨਹੀਂ ਦਿੱਤਾ।

### ਬਾਰਾਂ ਗੋਤ - ਇੱਕ ਲੋਕ (28:9-11, 21)

ਪਵਿੱਤਰ ਸਥਾਨ ਵਿਚ ਮੇਜ਼ ਤੇ ਪਈਆਂ ਬਾਰਾਂ ਰੋਟੀਆਂ ਦੇ ਵਾਂਗ (25:30; ਲੇਵੀਆਂ 24:5-9), ਸੀਨਾ ਬੰਦ ਉੱਤਲੇ ਬਾਰਾਂ ਪੱਥਰ ਅਤੇ ਦੋ ਸੁਲੇਮਾਨੀ ਪੱਥਰਾਂ ਤੇ ਬਾਰਾਂ ਨਾਮ ਸਾਰੇ ਇਸਰਾਏਲ ਨੂੰ ਦਰਸਾਉਂਦੇ ਹਨ (28:9-11, 21)। ਇਹ ਤੱਥ ਕਿ ਉਨ੍ਹਾਂ ਬਾਰਾਂ ਨੂੰ ਇਕੱਠਾ ਰੱਖਿਆ ਗਿਆ ਹੈ, ਇਹ ਦਰਸਾਉਂਦਾ ਹੈ ਕਿ ਪਰਮੇਸ਼ੁਰ ਇਸਰਾਏਲ ਦੇ ਲੋਕਾਂ ਨੂੰ ਉਨ੍ਹਾਂ ਦੀ ਜ਼ਰੂਰੀ ਏਕਤਾ ਦੇ ਪ੍ਰਤਿ ਪ੍ਰਭਾਵਿਤ ਕਰਨਾ ਚਾਹੁੰਦਾ ਹੈ। ਉਹ ਬਾਰਾਂ ਗੋਤ ਹਨ, ਪਰ ਉਹ ਇੱਕੋ ਲੋਕ ਸਨ। ਅੱਜ ਕਲੀਸੀਆ ਨੂੰ ਪਰਮੇਸ਼ੁਰ ਦੇ ਲੋਕਾਂ ਦੀ ਜ਼ਰੂਰੀ ਏਕਤਾ ਨੂੰ ਯਾਦ ਕਰਨ ਦੀ ਲੋੜ ਹੈ। ਮਸੀਹ ਵਿਚ ਅਸੀਂ ਸਾਰੇ ਇੱਕ ਹਾਂ - ਇੱਕ ਲੋਕ (1 ਕੁਰਿੰਥੀਆਂ 12:12; ਅਫ਼ਸੀਆਂ 4:4)।

### ਮਸੀਹੀ - "ਯਹੋਵਾਹ ਲਈ ਪਵਿੱਤਰ" (28:36)

ਮਹਾਂ ਜਾਜਕ ਨੇ ਆਪਣੇ ਅਮਾਮੇ ਉੱਤੇ ਇੱਕ ਪੱਤ੍ਰਾ ਪਹਿਨਿਆ ਹੋਇਆ ਸੀ ਜਿਸ ਦੇ ਉੱਤੇ "ਯਹੋਵਾਹ ਲਈ ਪਵਿੱਤਰ" ਸ਼ਬਦ ਉੱਕਰੇ ਹੋਏ ਸਨ (28:36)। ਮਸੀਹ, ਮਸੀਹੀਆਂ ਦਾ ਮਹਾਂ ਜਾਜਕ, ਪਵਿੱਤਰ ਹੈ, ਜਿਵੇਂ ਪਰਮੇਸ਼ੁਰ ਪਵਿੱਤਰ ਹੈ। ਉਹ ਜੋ ਮਸੀਹੀ ਹਨ ਉਹ ਵੀ "ਪਰਮੇਸ਼ੁਰ ਦੇ ਲਈ ਪਵਿੱਤਰ" ਹਨ। ਅਸਲ ਵਿਚ, ਕਲੀਸੀਆ ਇੱਕ "ਪਵਿੱਤਰ ਕੌਮ" ਹੈ (1 ਪਤਰਸ 2:9, 10)। ਪਵਿੱਤਰ ਹੋਣ ਦਾ ਕੀ ਅਰਥ ਹੈ? (1) ਪਵਿੱਤਰਤਾ ਉਹ ਸਥਿਤੀ ਹੈ ਜਿਸ ਵਿਚ ਮਸੀਹੀ ਹੋਣ ਦੇ ਨਾਤੇ ਅਸੀਂ ਆਪਣੇ ਆਪ ਨੂੰ ਪਾਉਂਦੇ ਹਾਂ। ਅਸੀਂ ਇਸ ਗੱਲ ਵਿਚ "ਪਵਿੱਤਰ" ਹਾਂ ਕਿ ਅਸੀਂ ਪਰਮੇਸ਼ੁਰ ਦੁਆਰਾ ਇਸਤੇਮਾਲ ਕੀਤੇ ਜਾਣ ਦੇ ਲਈ ਵੱਖਰੇ ਅਤੇ ਪਵਿੱਤਰ ਕੀਤੇ ਗਏ ਹਾਂ (1 ਕੁਰਿੰਥੀਆਂ 6:11)। "ਪਵਿੱਤਰ ਕੀਤੇ ਜਾਣ" ਜਾਂ "ਪਵਿੱਤਰ" ਹੋਣ ਦੇ ਕਾਰਣ, ਅਸੀਂ "ਸੰਤ" ਜਾਂ "ਪਵਿੱਤਰ ਲੋਕ" ਬਣ ਗਏ ਹਾਂ। ਸਾਰੇ ਮਸੀਹੀ ਸੰਤ ਹਨ। ਤੁਹਾਨੂੰ ਮਰਨ ਦੇ ਦੁਆਰਾ ਜਾਂ ਕਿਸੇ ਕੌਂਸਲ ਦੇ ਦੁਆਰਾ ਸੰਤ ਬਣਾਏ ਜਾਣ ਦੀ ਲੋੜ ਨਹੀਂ ਹੈ। ਮਸੀਹੀ ਬਣਨ ਦੇ ਦੁਆਰਾ, ਤੁਸੀਂ ਇੱਕ ਸੰਤ, ਇੱਕ "ਪਵਿੱਤਰ ਮਨੁੱਖ," ਇੱਕ ਵੱਖਰਾ ਕੀਤਾ ਹੋਇਆ ਵਿਅਕਤੀ ਬਣ ਜਾਂਦੇ ਹੋ। ਜਦੋਂ ਲੋਕਾਂ ਨੂੰ ਬਚਾਇਆ ਜਾਂਦਾ ਹੈ ਤਾਂ "ਪਵਿੱਤਰਤਾ" ਉਨ੍ਹਾਂ ਦੁਆਰਾ ਗ੍ਰਹਿਣ ਕੀਤੀ ਜਾਣ ਵਾਲੀ ਇੱਕ ਸਥਿਤੀ ਹੈ। (2) ਪਵਿੱਤਰਤਾ ਇੱਕ ਨਿਸ਼ਾਨਾ ਹੈ ਜਿਸ ਵੱਲ ਮਸੀਹੀ ਨਿਰੰਤਰ ਵੱਧਦਾ ਹੈ (ਇਬਰਾਨੀਆਂ 12:14; NRSV)। ਜਦੋਂ ਇਸ ਅਰਥ ਵਿਚ ਇਸਤੇਮਾਲ ਕੀਤਾ ਜਾਂਦਾ ਹੈ, ਤਾਂ "ਪਵਿੱਤਰਤਾ" ਦਾ ਕੀ ਅਰਥ ਹੁੰਦਾ ਹੈ? ਇਸ ਦਾ ਅਰਥ ਹੈ ਕਿ ਅਸੀਂ ਪਰਮੇਸ਼ੁਰ ਦੀਆਂ ਵਿਸ਼ੇਸ਼ਤਾਵਾਂ ਨੂੰ ਆਪਣੇ ਉੱਤੇ ਲਿਆਉਣ ਦੀ ਕੋਸ਼ਿਸ਼ ਕਰਾਂਗੇ (1 ਕੁਰਿੰਥੀਆਂ 11:1; ਅਫ਼ਸੀਆਂ 5:1; 1 ਪਤਰਸ 1:15, 16; 2 ਪਤਰਸ 1:4)। ਪਰਮੇਸ਼ੁਰ ਦੇ ਸਮਾਨ ਬਣਨਾ ਸਾਡੀ ਜੀਵਨ ਭਰ ਦੀ ਜ਼ਿੰਮੇਵਾਰੀ ਅਤੇ ਵਿਸ਼ੇਸ਼ ਅਧਿਕਾਰ ਹੈ। ਸਾਨੂੰ ਪਵਿੱਤਰ ਕੀਤਾ ਗਿਆ ਹੈ, ਜਾਂ ਪਵਿੱਤਰ ਬਣਾਇਆ ਗਿਆ ਹੈ; ਪਰ ਅਸੀਂ ਨਿਰੰਤਰ ਹੋਰ ਪਵਿੱਤਰ ਬਣਨ ਦੀ ਕੋਸ਼ਿਸ਼ ਕਰ ਰਹੇ ਹਾਂ।

---

ਟਿੱਪਣੀਆਂ

[1]ਆਰ. ਐਲਨ ਕੋਲ, *ਐਕਸੋਡਸ: ਐਨ ਇੰਟਰੋਡਕਸ਼ਨ ਐਂਡ ਕਮੈਂਟਰੀ,* ਟਿੰਡਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡੋਨਰਜ਼ ਗਰੂਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈੱਸ, 1973), 199. [2]ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* (ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990), 466; ਮਨੇਹੀਮ-ਹਾਰਾਨ, *ਟੈਮਪਲਸ ਐਂਡ ਟੈਮਪਲ ਸਰਵਿਸ ਇਨ ਐਨਸੀਐਂਟ ਇਜ਼ਰਾਈਲ* (ਵਿਨੋਨਾ ਲੇਕ, ਇੰਡੀਆਨਾ: ਆਈਜ਼ੇਨਬਰਾਉਨਸ, 1985), 166; ਕੋਲ, 199-200. [3]ਹੈਨਰੀ ਡਬਲਿਊ. ਸੋਲਟੌ, *ਦ ਟੈਬਰਨਾਕਲ: ਦ ਪ੍ਰੀਸਟਹੂਡ ਐਂਡ ਦੀ ਓਫਰਿੰਗਸ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਕ੍ਰੇਗਲ ਪਬਲੀਕੇਸ਼ਨਜ਼, 1972), 202. [4]ਓਵਿਡ ਆਰ. ਸੈਲਰਜ਼, "ਵੇਟਸ ਐਂਡ ਮੇਜ਼ਰਸ," *ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ* ਵਿਚ, ਸੋਧ ਅਤੇ ਸੰਪਾ., ਸੰਪਾਦਨ. ਜੈਫ਼ਰੀ ਡਬਲਿਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 1962), 4:837-38. [5]ਡਬਲਿਯੂ. ਐੱਚ. ਗਿਸਪਨ, *ਐਕਸੋਡਸ,* ਅਨੁਵਾਦ ਐਡ ਵੈਨ ਮਾਸ, ਬਾਈਬਲ ਸਟੂਡੈਂਟਸ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਰੀਜੈਂਸੀ ਰੈਫਰੈਂਸ ਲਾਇਬ੍ਰੇਰੀ, ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1982), 267-68. [6]ਜੌਨ ਆਈ. ਡਰਹਮ, *ਐਕਸੋਡਸ,* ਵਰਡ ਬਿਬਲੀਕਲ ਕਮੈਂਟਰੀ, ਜਿਲਦ 3 (ਵਾਕੋ, ਟੈਕਸਾਸ: ਵਰਡ ਬੁੱਕਸ, 1987), 387. [7]ਉਸੇ ਸਥਾਨ ਤੇ, 384-85. [8]ਗਿਸਪਨ, 266-67. [9]ਕੋਲ, 200. [10]ਉਸੇ ਸਥਾਨ ਤੇ, 201.

[11]ਕੇਸਰ, 467. [12]ਗਿਸਪਨ ਨੇ ਇੱਕ ਵਿਕਲਪੀ ਵਿਚਾਰ ਦਾ ਹਵਾਲਾ ਦਿੱਤਾ - ਕਿ ਊਰੀਮ ਅਤੇ ਤੁੰਮੀਮ ਨੇ ਸੀਨਾਬੰਦ ਦੇ ਉੱਤੇ ਦੇ ਪੱਥਰਾਂ ਦਾ ਉਲੇਖ ਕੀਤਾ ਹੈ - ਜਿਸ ਦੇ ਵਿਸ਼ੇ ਵਿਚ ਉਸ ਨੇ ਕਿਹਾ ਕਿ ਉਸ ਨੂੰ ਪਸੰਦ ਆਇਆ ਪਰ ਉਹ ਉਸ ਦਾ ਸਮਰਥਨ ਨਹੀਂ ਕਰਦਾ ਹੈ। (ਗਿਸਪਨ, 269-70.) ਹੋਰ ਸੰਭਾਵਨਾਵਾਂ ਮੌਜੂਦ ਹਨ। ਜੌਨ ਜੇ. ਡੇਵਿਸ ਨੇ ਇਸ ਵਿਸ਼ੇ ਤੇ ਨੌ ਵੱਖਰੇ-ਵੱਖਰੇ ਵਿਚਾਰਾਂ ਨੂੰ ਪੇਸ਼ ਕੀਤਾ ਅਤੇ ਨਤੀਜਾ ਕੱਢਿਆ ਕਿ "ਇਹ ਵਸਤੂਆਂ ਸਿਰਫ ਇੱਕ ਖਾਸ ਪ੍ਰਕਾਸ਼ਣ ਦਾ

ਪ੍ਰਤੀਕ ਸਨ ਜਿਸ ਤੱਕ ਮਹਾਂ ਜਾਜਕ ਦੀ ਪਹੁੰਚ ਸੀ" (ਜੌਨ ਜੇ. ਡੇਵਿਸ, *ਮੌਜਸ ਐਂਡ ਦ ਗੋਡਸ ਆਫ਼ ਇਜਿਪਟ:ਸਟੱਡੀਜ਼ ਇਨ ਐਕਸੋਡਸ*, ਦੂਸਰਾ ਸੰਸਕਰਣ [ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁੱਕ ਹਾਊਸ, 1986], 285-87)। [13]ਡੇਵਿਸ, 287. [14]ਕੋਲ, 201. [15]ਮੇਗਨ ਬਿਸ਼ਪ ਮੂਰ, *ਈਡਰਮੈਂਸ ਡਿਕਸ਼ਨਰੀ ਆਫ਼ ਦ ਬਾਈਬਲ* ਵਿਚ, "ਪੋਮਗ੍ਰੇਨੇਟ," ਸੰਪਾ. ਡੇਵਿਡ ਨੋਇਲ ਫ੍ਰੀਡਮੈਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਡਰਮੈਂਸ ਪਬਲਿਸ਼ਿੰਗ ਕੰਪਨੀ, 2000), 1070. [16]ਡੇਵਿਸ, 287. [17]ਪੀਟਰ ਐਨਸ, *ਐਕਸੋਡਸ,* NIV ਐਪਲੀਕੇਸ਼ਨ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡੇਰਵਨ, 2000), 531. ਇਹ ਵਿਚਾਰ ਹਾਰਾਨ, 218, ਤੇ ਨਹੂਮ ਐਮ. ਸਰਨਾ ਦੇ ਦੁਆਰਾ ਸੁਝਾਇਆ ਗਿਆ ਹੈ, ਦ JPS ਤੋਰਹ ਕਮੈਂਟਰੀ (ਨਿਊ ਯਾਰਕ: ਜੂਇਸ਼ ਪਬਲੀਕੇਸ਼ਨ ਸੋਸਾਇਟੀ, 1991), 183. [18]ਡਰਹਮ, 382, 384. [19]ਕੇਸਰ, 467. [20]ਜੋਸੇਫ਼ਸ *ਐਂਟੀਕਿਉਟੀਜ਼* 3.7.2.